ੴ

ਮਾਸਕ ਪੱਤਰ

# ਸੂਰਜ

ਅੰਮ੍ਰਿਤਸਰ

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥

DEC 1979 ਦਸੰਬਰ ੧੯੭੯




ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸ਼ਵ
ਮਿਤੀ ੨੫ ਦਸੰਬਰ ੧੯੭੯

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਭਾਈ ਰੇ ਮੈ ਕਉ ਕੋਈ ਆਇ ਮਿਲੈ (ਵਿਆਖਿਆ) | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੩ |
| ਧਰਮ ਦੀ ਲੋੜ ਅੱਜ ਵੀ ਹੈ ਤੇ ਸਦਾ ਰਹੇਗੀ | ਸ: ਸਰੂਪ ਸਿੰਘ ਜੀ ਅਲਗ | ੫ |
| ਗੁਰੂ ਨਾਨਕ ਦੀ ਜਲ-ਸਮਾਧੀ | ਡਾਕਟਰ ਜਗਤਾਰ ਸਿੰਘ ਜੀ, ਕੋਟਾ | ੮ |
| ਕਲਗੀਧਰ ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੧੧ |
| ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੧੬) | ਕੈਪਟਿਨ ਸਵਰਨ ਸਿੰਘ ਜੀ | ੧੨ |
| ਗੁਰੂ ਕੀ ਮੋਹਰ | ਸ੍ਰੀ ਦਸਮੇਸ਼ ਸੇਵਕ ਸਭਾ ਡੇਹਰਾਦੂਨ | ੧੮ |
| ਧ੍ਰਮ ਧੁਜਾ ਫਹਰੰਤਿ ਸਦਾ (ਪਿਛੋਂ ਚਲਦਾ) | ਸ: ਪਸ਼ੌਰਾ ਸਿੰਘ ਜੀ | ੧੯ |
| ਪੰਜੇ ਸਾਹਿਬ ਦਾ ਸ਼ਹੀਦੀ ਸਾਕਾ | ਗਿ: ਪਰਤਾਪ ਸਿੰਘ ਜੀ | ੨੧ |
| ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ, ਅਸੀਂ ਅਤੇ ਸਾਡੀ ਲੀਡਰਸ਼ਿਪ | ਜੇ. ਪੀ. ਸੰਗਤ ਸਿੰਘ ਜੀ | ੨੨ |
| ਮੈਂ ਭਾਈ ਹੀਰਾ ਸਿੰਘ ਜੀ ਨੂੰ ਕਿਵੇਂ ਡਿੱਠਾ ? | ਬਾਬਾ ਪ੍ਰੇਮ ਸਿੰਘ ਜੀ ਹੋਤੀ | ੨੫ |
| ਸਿਖ ਕੌਮ ਵਿਚ ਫੋਕਟ ਰਸਮਾਂ | ਗਿ: ਗੋਪਾਲ ਸਿੰਘ ਜੀ ਮਿਤਰ | ੨੭ |
| ਮੇਰੀ ਕੈਨੇਡਾ ਤੋਂ ਭਾਰਤ ਯਾਤਰਾ ਅਤੇ ਕਿਰਪਾਨ ਮੋਰਚਾ | ਸ: ਜਗਤਾਰ ਸਿੰਘ ਜੀ ਟਰੰਟੋ | ੨੯ |
| ਇਹੁ ਡਰਨੁ ਕਹਾ ਤੇ ਆਇਆ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੩੨ |
| ਮੇਰਠ ਦੇ ਸਿਖਾਂ ਵਿਚ ਭਾਰੀ ਗਮ ਤੇ ਗੁਸਾ | ਸਕੱਤ੍ਰ ਗੁ: ਸਤਿਸੰਗ. ਮੇਰਠ | ੩੪ |
| ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ | ਲਾ: ਦੌਲਤ ਰਾਏ ਦੀਆਂ ਨਜ਼ਰਾਂ ਵਿਚ | ੩੫ |
| ਪੰਥਕ ਸਮਾਚਾਰ | 'ਸੂਰਾ' ਪਰਵਾਰ | ੩੯ |
| ਤੂਠੇ ਕਲਗੀਧਰ ਬਖਸ਼ੰਦ (ਕਵਿਤਾ) | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੪੧ |


***ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ ੨੫ ਦਸੰਬਰ***

ਸ਼ਹੀਦੀ ਵਡੇ ਸਾਹਿਬਜ਼ਾਦੇ (ਚਮਕੌਰ ਸਾਹਿਬ) ੨੨ ਦਸੰਬਰ — ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ) ੨੭ ਦਸੰਬਰ

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਸੁਰਜੀਤ ਸਿੰਘ ਜੀ ਚਾਵਲਾ ਕਾਨਪੁਰ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | 31-00 |
| ਸੰਗਤ ਡਡਲੀ ਯੂ. ਕੇ. | | 74-60 |
| ਸ: ਵਰਿਆਮ ਸਿੰਘ ਜੀ ਕੋਟਾ | ਮਾਨਿਵਰ ਬਾਊ ਮਲ ਸਿੰਘ ਜੀ ਦੀ ਯਾਦ ਵਿਚ ਭੋਗ ਸਮੇਂ | 11-00 |
| ਸ: ਮਿਲਖਾ ਸਿੰਘ ਜੀ ਫੀਰੋਜ਼ਪੁਰ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | 11-00 |
| ਸ: ਉਜਾਗਰ ਸਿੰਘ ਜੀ ਜਲੰਧਰ | | 90-00 |
| ਸ: ਅਮਰ ਸਿੰਘ ਜੀ ਚਿੱਟੀ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | 11-00 |
| ਭਾ: ਮਸਤਾ ਸਿੰਘ ਜੀ ਡਰਬੀ ਯੂ. ਕੇ. | | 347-00 |
| ਬੀਬੀ ਇੰਦਰ ਕੌਰ ਪ੍ਰਿੰਸੀਪਲ ਬੀਬੀ ਰਜਨੀ ਕਾਲਜ ਪੱਟੀ, | ਮਾਨਿਵਰ ਬਾਊ ਜੀ ਦੀ ਯਾਦ ਵਿਚ ਸਮਾਗਮ ਸਮੇਂ | 101-00 |
| ਸ: ਅੰਗਦ ਸਿੰਘ ਗੁਰਭਜਨ ਸਿੰਘ ਜੀ ਪਥਰਡੀਹ ਧਨਬਾਦ | ਬੀਬੀ ਦੇ ਅਨੰਦ ਦੀ ਖੁਸ਼ੀ ਵਿਚ | 11-00 |
| ਸ: ਈਸ਼ਰ ਸਿੰਘ ਜੀ ਡੇਹਰਾਦੂਨ | ਬੱਚੇ ਦੇ ਅਨੰਦ ਦੀ ਖੁਸ਼ੀ ਵਿਚ | 11-00 |
| ਸ: ਨਿਰਮਲ ਸਿੰਘ ਜੀ ਅਜੀਤ ਨਗਰ ਅੰਮ੍ਰਿਤਸਰ | ਚੜ੍ਹਾਵਾ ਕੀਰਤਨ ਸਮਾਗਮ | 45-60 |

ਹੇਮਕੁੰਡ ਪ੍ਰਿੰਟਿੰਗ ਪ੍ਰੈਸ,ਬਜ਼ਾਰ ਨੰ:੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੧੨.੭੯ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 5 1 8 4 7

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹਿ ॥

# ਸੂਰਾ

ਸ੍ਰੀ ਅੰਮ੍ਰਿਤਸਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ
ਅਰਬ, ਮਲਾਇਆ ੩੫-੦੦
ਯੂ. ਕੇ, ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦

ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੩ ਦਸੰਬਰ ੧੯੭੯ ਅੰਕ ੧੨

## ਭਾਈ ਰੇ ਮੋ ਕਉ ਕੋਈ ਆਇ ਮਿਲੈ

[ ਵਿਆਖਿਆਕਾਰ— ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਗੂਜਰੀ ਮਹਲਾ [ਪੰਨਾ ੪੯੪]

ਜਿਨ ਸਤਿਗੁਰੁ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ ਮੋ ਕਉ ਕਰਿ ਉਪਦੇਸੁ ਹਰਿ ਮੀਠ ਲਗਾਵੈ ॥
ਮਨੁ ਤਨੁ ਸੀਤਲੁ ਸਭ ਹਰਿਆ ਹੋਆ ਵਡਭਾਗੀ ਹਰਿ ਨਾਮੁ ਧਿਆਵੈ ॥੧॥
ਭਾਈ ਰੇ ਮੋ ਕਉ ਕੋਈ ਆਇ ਮਿਲੈ ਹਰਿ ਨਾਮੁ ਦ੍ਰਿੜਾਵੈ ॥
ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ ॥੧॥ਰਹਾਉ॥
ਧੀਰਜੁ ਧਰਮੁ ਗੁਰਮਤਿ ਹਰਿ ਪਾਇਆ ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥
ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੁ ਮੁਖਿ ਅੰਮ੍ਰਿਤੁ ਪਾਵੈ ॥੨॥
ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ ਗੁਰਮਤਿ ਨਾਮੁ ਜਪੈ ਲਿਵ ਲਾਵੈ ॥
ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ ਸੇ ਭਾਗਹੀਣ ਮੁਏ ਮਰਿ ਜਾਵੈ ॥੩॥
ਆਨਦ ਮੂਲੁ ਜਗਜੀਵਨ ਦਾਤਾ ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ ॥
ਤੂੰ ਦਾਤਾ ਜੀਅ ਸਭਿ ਤੇਰੇ ਜਨ ਨਾਨਕ ਗੁਰਮੁਖਿ ਬਖਸਿ ਮਿਲਾਵੈ ॥੪॥੬॥

**ਤਤ ਵਿਆਖਿਆ :—**

ਗੁਰ-ਦੀਖਿਆ ਦੇਣਹਾਰੇ ਗੁਰੂ ਸਰੂਪ ਪੰਜਾਂ ਪਿਆਰਿਆਂ ਵਿਚ ਲਏ ਜਾਣ ਦਾ ਓਹੀ ਸਿਖ ਅਧਿਕਾਰੀ ਹੁੰਦਾ ਹੈ ਜੋ ਪਹਿਲਾਂ ਖੁਦ ਸਤਿਗੁਰ ਸਰਨ ਜਾ ਕੇ ਨਿਗੁਰੇ ਤੋਂ ਸਗੁਰਾ ਹੋ ਗਿਆ ਹੋਵੇ; ਜਿਸ ਦੇ ਵਿਚ ਵਿਚ

www.AKJ.org

ਸਤਿਗੁਰੂ ਨੂੰ ਪ੍ਰਾਪਤ ਕਰ ਕੇ, ਸਤਿਗੁਰੂ ਤੋਂ (ਪੰਜਾਂ ਪਿਆਰਿਆਂ ਤੋਂ) ਲਏ ਗੁਰਮੰਤ੍ਰ ਉਪਦੇਸ਼ ਦੀ ਐਸੀ ਅਗਾਧ ਅਤੇ ਅਥੱਕ ਅਭਿਆਸ ਕਮਾਈ ਕੀਤੀ ਹੋਵੇ ਕਿ ਵਾਹਿਗੁਰੂ ਵਾਹਿਗੁਰੂ ਕਰਦਾ ਵਾਹਿਗੁਰੂ ਜੋਤੀਸ ਦੀ ਜੋਤਿ ਵਿਚ ਲੀਨ ਹੋ ਗਿਆ ਹੋਵੇ। ਇਸ ਬਿਧ ਜਿਸ ਨੇ ਵਾਹਿਗੁਰੂ (ਹਰਿ ਪ੍ਰਭ) ਨੂੰ ਲਖ ਲਿਆ (ਪ੍ਰਾਪਤ ਕਰ ਲਿਆ) ਹੋਵੇ। ਅਜਿਹੇ ਗੁਰਮੁਖ ਪਿਆਰੇ ਅਤੇ ਅਜਿਹੇ ਹੀ ਪੰਜਾਂ ਪਿਆਰਿਆਂ ਦੇ ਪੁੰਜ ਗੁਰਮੁਖਿ ਪਿਆਰਿਆਂ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਗੁਰ-ਦੀਖਿਆ ( ਗੁਰ ਮੰਤ੍ਰ ) ਰੂਪੀ ਉਪਦੇਸ਼ ਲਿਆ ਹੀ ਫਲੀਭੂਤ ਹੁੰਦਾ ਹੈ ਅਤੇ ਮਿਠਾ ਲਗਦਾ ਹੈ। ਅਜਿਹੇ ਪੰਜ ਪਿਆਰਿਆਂ ਵਿਚੋਂ ਹਰ ਏਕ ਗੁਰਮੁਖਿ ਪਿਆਰਾ ਮਿਠਾ ਲਗਦਾ ਹੈ। ਓਹਨਾਂ ਦਾ ਅਤੇ ਉਸ ਪੁੰਜ ਵਿਚੋਂ ਹਰੇਕ ਗੁਰਮੁਖ ਪਿਆਰੇ ਦਾ ਗੁਰਮੰਤ੍ਰ ਉਪਦੇਸ਼ ਦਿਤਾ ਹੀ ਮਿਠਾ ਲਗਦਾ ਹੈ, ਅੰਮ੍ਰਿਤ-ਪਾਤਰੀ ਅਧਿਕਾਰੀ ਜਨ ਨੂੰ। ਉਹ ਤੱਤਕਾਲ ਹੀ ਨਾਮ ਅਭਿਆਸ ਕਮਾਈ ਵਿਚ ਜੁਟ ਜਾਂਦਾ ਹੈ। ਉਸ ਵਡਭਾਗੇ ਅਭਿਆਸੀ ਜਨ ਦਾ ਅਭਿਆਸ ਕਰਿ ਕਰਿ ਮਨ ਭੀ ਤੇ ਤਨ ਭੀ ਸਭੁ ਠੰਡਾ ਠਾਰ (ਸੀਤਲ) ਅਤੇ ਹਰਿਆ (ਸ਼ਗੁਫਤਾ) ਹੋ ਜਾਂਦਾ ਹੈ। ਜਿਸ ਸ਼ਗੁਫਤਾਈ ਅਤੇ ਸੀਤਲਤਾਈ ਦੀ ਗਤਿ ਮਿਤਿ ਮਹਿਮਾ ਵਰਨੀ ਨਹੀਂ ਜਾ ਸਕਦੀ।

ਪਰਮਾਰਥ ਦੇ ਸਚੜੇ ਰਸਕ ਵੈਰਾਗੀ ਅਨੁਰਾਗੀ ਅਧਿਕਾਰੀ ਜਨ ਨੂੰ ਉਪਰ ਦਸੇ ਗੁਰਮੁਖਿ ਜਨਾਂ ਦੇ ਪੁੰਜ ਵਿਚੋਂ ਕੋਈ ਭੀ ਗੁਰਮੁਖ ਪਿਆਰਾ ਆਇ ਮਿਲੇ, ਉਸ ਨਾਲ ਮਿਲ ਕੇ ਨਾਮ ਜਪਣ (ਨਾਮ ਦਾ ਖੰਡਾ ਖੜਕਾਵਣ) ਕਰਿ, ਨਾਮ-ਅਭਿਆਸ ਹੋਰ ਵਧੇਰਾ ਦ੍ਰਿੜ੍ਹ ਹੁੰਦਾ ਹੈ। ਇਸ ਬਿਧ ਨਾਮ-ਦ੍ਰਿੜ੍ਹੀ ਪਿਆਰੇ ਨੂੰ, ਪ੍ਰੀਤਮ ਪਿਆਰੇ ਨੂੰ ਮਨੁ ਤਨੁ ਪ੍ਰਾਨ ਅਰਪ ਦੇਣੋਂ ਭੀ ਅਧਿਕਾਰੀ ਪਾਤਰ ਜਨ ਦਰੇਗ ਨਹੀਂ ਕਰਦਾ। ਉਸ ਦੇ ਮੁਖਾਰਬਿੰਦ ਤੋਂ ਨਾਮੁ, ਗੁਰਮਤਿ ਨਾਮ ਦੀ ਮਹਿਮਾ ਮਈ ਕਥਾ (ਸਿਫਤ-ਸਲਾਹ) ਸੁਣਦਿਆਂ ਰੱਜ ਨਹੀਂ ਆਉਂਦਾ। ਇਸ ਬਿਧ ਗੁਰਮਤਿ ਦੁਆਰਾ ਜਿਸ ਕਿਸੇ ਵਡਭਾਗੇ ਜਨ ਨੇ ਸੱਚੀ ਪ੍ਰਾਪਤੀ ਕਰ ਕੇ ਸੱਚਾ ਧਰਮ ਅਤੇ ਧੁਰੰਦਰੀ ਧਰਮ ਪਾ ਲਿਆ ਹੈ ਉਸ ਦੀ ਨਾਮ-ਅਭਿਆਸ ਦੀ ਦ੍ਰਿੜ੍ਹਤਾ, ਵਿਸ਼ਵਾਸ ਭਰੋਸੇ ਮਈ ਦ੍ਰਿੜ੍ਹਤਾ ਨਿਤਾਪ੍ਰਤਿ ਵਧਦੀ ਹੀ ਜਾਂਦੀ ਹੈ। ਉਹਦਾ ਚਿਤ ਹਿਰਦਾ ਨਾਮ ਨਾਲ ਹਰਦਮ ਲਪਟਿਆ ਹੀ ਰਹਿੰਦਾ ਹੈ। ਉਸ ਦੇ ਅੰਦਰ ਰੋਮਿ ਰੋਮਿ ਕਰਕੇ ਹਰਿ-ਕਥਾ ਖਿਨ ਖਿਨ ਹੁੰਦੀ ਹੀ ਰਹਿੰਦੀ ਹੈ।

ਸਤਿਗੁਰ ਬਾਣੀ ਰੂਪੀ ਬਚਨ ਅੰਮ੍ਰਿਤ ਬਚਨ ਹਨ। ਅੰਮ੍ਰਿਤ-ਕਥਾ-ਭਿੰਨੇ ਬਚਨ ਹਨ। ਜੋ ਜਨ ਭੀ ਇਸ ਅੰਮ੍ਰਿਤ-ਕਥਾ ਰੂਪੀ ਅੰਮ੍ਰਿਤ-ਬਚਨਾਂ ਸਪਨਿ ਗੁਰ-ਬਾਣੀ ਨੂੰ ਬੋਲਦਾ (ਉਚਾਰਦਾ) ਹੈ ਉਹ ਆਪਣੇ ਮੁਖਾਰਬਿੰਦ ਵਿਖੇ ਅੰਮ੍ਰਿਤ ਹੀ ਪਾਉਂਦਾ (ਪੀਂਦਾ) ਹੈ। ਅੰਮ੍ਰਿਤ ਰਸ ਦੇ ਗਟਾਕ ਹੀ ਭੁੰਚਦਾ ਹੈ। ਇਹ ਅੰਮ੍ਰਿਤ-ਕਥਾ ਮਈ ਗੁਰਮਤਿ ਨਾਮੁ ਐਸਾ ਨਿਰਮਲ ਨਾਮੁ ਹੈ ਜਿਸ ਨੂੰ ਅਤੇ ਜਿਸ ਦੇ ਜਪਣਹਾਰੇ ਨੂੰ ਫੇਰ ਮੈਲ ਕਦੇ ਲਗਦੀ ਹੀ ਨਹੀਂ। ਸਗੋਂ ਇਸ ਨਿਰਮਲ ਨਾਮ ਨੂੰ ਜਪਦਿਆਂ ਜਪਦਿਆਂ ਲਿਵ ਲਗ ਜਾਂਦੀ ਹੈ। ਐਸਾ ਨਿਰਮਲ ਨਾਮੁ ਗੁਰਮਤਿ ਨਾਮ (ਵਾਹਿਗੁਰੂ) ਹੀ ਹੈ ਜਿਸ ਦੇ ਜਪਿਆਂ ਲਿਵ ਲਗ ਜਾਂਦੀ ਹੈ (ਲਗ ਸਕਦੀ ਹੈ)। ਜਿਸ ਨਰ ਨੇ ਐਸਾ ਨਾਮੁ ਪਦਾਰਥੁ ਨਹੀਂ ਪਾਇਆ ਉਹ ਬੜਾ ਹੀ ਅਭਾਗਾ ਹੈ। ਉਹ ਮੋਇਆ ਹੋਇਆ ਹੀ ਹੈ। ਏਵੇਂ ਮੋਇਆ ਹੋਇਆ ਸਿਸਕਦਾ ਹੀ ਮਰ ਜਾਵੇਗਾ (ਚਲਾਣਾ ਕਰ ਜਾਵੇਗਾ)।

ਸਾਰੇ ਜਗ ਦਾ ਜੀਵਨ-ਦਾਤਾ ਵਾਹਿਗੁਰੂ ਅਤੇ ਵਾਹਿਗੁਰੂ-ਨਾਮ ਸਾਰੇ ਆਨੰਦ ਦਾ ਮੂਲ ਹੈ। ਜੋ ਜਨ ਵਾਹਿਗੁਰੂ ਨੂੰ ਧਿਆਉਂਦਾ ਹੈ (ਗੁਰੂ ਨਾਨਕ ਸਾਹਿਬ ਬਿਨੇ ਕਰਦੇ ਹਨ) ਉਸ ਨੂੰ ਅਨੰਦ ਹੀ ਅਨੰਦ ਬਖਸ਼ੀਸ਼ ਕਰਹੁ। (ਹੇ ਅਨੰਦ-ਦਾਤੇ ਵਾਹਿਗੁਰੂ!) ਤੂੰ ਆਪ ਦੇ ਜਨਾਂ ਗੁਰਮੁਖਾਂ ਦਾ ਖ਼ਾਸ ਆਨੰਦ ਮੂਲ ਜੀਵਨ-ਦਾਤਾ ਹੈਂ। ਆਪ ਦੇ ਗੁਰਮੁਖ ਜਨ ਉਤੇ ਖ਼ਾਸ ਬਖਸ਼ਿਸ਼ ਤੇਰੀ ਹੁੰਦੀ ਹੈ। ਉਸ ਨੂੰ ਤੂੰ ਨਿਰੀ ਅਨੰਦ ਦੀ ਬਖਸ਼ਿਸ਼ ਨਹੀਂ ਕਰਦਾ ਬਲਕਿ ਬਖਸ਼ਿਸ਼ ਕਰ ਕੇ ਉਸ ਨੂੰ ਆਪਣੇ ਨਾਲ ਹੀ ਮਿਲਾਇ ਲੈਂਦਾ ਹੈ। ਅੰਮ੍ਰਿਤ-ਨਾਮ ਦੇ ਖਿਨ ਖਿਨ ਅਭਿਆਸ ਕਰਨਹਾਰਿਆਂ ਉਤੇ ਵਾਹਿਗੁਰੂ ਵਿਸ਼ੇਸ਼ ਕਰਕੇ ਵਰ੍ਹਦਾ ਹੈ। ਅੰਮ੍ਰਿਤ-ਨਾਮ ਦੀ ਸਦਾ ਅਭਿਆਸ ਮਈ ਕਥਾ ਕਰੀ ਜਾਣ ਦਾ ਹੀ ਇਹ ਸਾਚਾ ਪਰਤਾਪ ਹੈ। [ਪੁਸਤਕ "ਕਥਾ ਕੀਰਤਨ" ਵਿਚੋਂ

www.AKJ.Org

# ਧਰਮ ਦੀ ਲੋੜ ਅੱਜ ਵੀ ਹੈ ਤੇ ਸਦਾ ਰਹੇਗੀ

[ਵਲੋਂ—ਸ: ਸਰੂਪ ਸਿੰਘ ਅਲਗ, ਭਾਸ਼ਾ ਅਫ਼ਸਰ ਤੇ ਸਕੱਤਰ, ਅਮਲਾ ਚੋਣ ਕਮੇਟੀ, ਪੰ. ਰਾ. ਬਿ. ਬੋ., ਪਟਿਆਲਾ]

ਵਿਲਿਅਮ ਜੇਮਜ਼ ਨੇ ਬੜੀ ਇਤਿਹਾਸਕ ਛਾਣ-ਬੀਣ ਮਗਰੋਂ ਇਹ ਗੱਲ ਦੋ-ਟੁਕ ਰੂਪ ਵਿਚ ਲਿਖੀ ਹੈ ਕਿ ਇਤਿਹਾਸ ਵਿਚ ਯਾਦਗਾਰੀ ਕਾਰਨਾਮੇ ਉਹੀ ਸਮਝੇ ਗਏ ਹਨ ਜਿਨ੍ਹਾਂ ਦਾ ਸੰਬੰਧ ਧਰਮ-ਚੇਤਨਾ ਜਾਂ ਧਰਮ-ਕਰਮ ਨਾਲ ਹੈ । ਇਸੇ ਕਾਰਨ ਗੁਰੂ ਨਾਨਕ ਦੇਵ, ਹਜ਼ਰਤ ਮੁਹੰਮਦ, ਯਸੂਹ ਮਸੀਹ, ਸ੍ਰੀ ਰਾਮ ਚੰਦਰ ਆਦਿ ਦੇ ਉਪਦੇਸ਼ਾਂ ਤੇ ਚਲਣ ਲਈ ਅਜ ਵੀ ਮਨੁਖਤਾ ਵਿਚ ਚੇਸ਼ਟਤਾ ਹੈ । ਪਰ ਦੂਜੇ ਪਾਸੇ ਸਿਕੰਦਰ ਦੇ ਵਿਸ਼ਵ ਨੂੰ ਜਿੱਤ ਲੈਣ ਨੂੰ ਵੀ ਇਕ ਮਾਮੂਲੀ ਘਟਨਾ ਤੋਂ ਵੱਧ ਨਹੀਂ ਸਮਝਿਆ ਜਾਂਦਾ ।

ਧਰਮ ਦੀ ਇਸ ਪਰਕਿਰਤੀ ਨੂੰ ਇਤਨਾ ਮਹੱਤਵ ਪੂਰਨ ਸਥਾਨ ਦੇਣ ਦਾ ਸਪੱਸ਼ਟ ਕਾਰਨ ਇਹੀ ਹੈ ਕਿ ਹਰ ਧਰਮ ਮਨੁਖ ਨੂੰ ਬੱਝਵਾਂ ਜ਼ਾਬਤਾ ਸਿਖਾਉਂਦਾ ਹੋਇਆ, ਉਸ ਦੇ ਅੰਦਰ ਇਕ ਜੋਤ ਦਾ ਪਰਕਾਸ਼ ਕਰਦਾ ਹੈ, ਜਿਸ ਦੇ ਫਲ-ਸਰੂਪ ਮਨੁਖ ਮਾਤਰ ਨੂੰ ਉਸ ਅੰਦਰ ਛੁਪੇ ਪੰਜ ਤਸਕਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਦਿਸ ਪੈਂਦੇ ਹਨ, ਜੋ ਉਸ ਦੇ ਜੀਵਨ ਦੀ ਗੱਡੀ ਨੂੰ ਉਲਟੀ ਦਿਸ਼ਾ ਵਿਚ ਧਕੇਲ ਕੇ ਉਸ ਨੂੰ ਉਚੇਰੇ ਵਿਵੇਕ ਵਲ ਨਹੀਂ ਜਾਣ ਦੇਂਦੇ । ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਧਰਮ ਦਾ ਮਨੋਰਥ ਇਨਸਾਨ ਨੂੰ ਅੰਦਰੋਂ ਜਗਾਉਣਾ ਅਤੇ ਉਸ ਨੂੰ ਅਹਿਸਾਸ ਕਰਵਾਉਣਾ ਹੈ ਕਿ ਇਸ ਸੰਸਾਰ ਨੂੰ ਖੁਲ੍ਹੀ ਅੱਖ ਦਾ ਸੁਪਨਾ ਸਮਝ ਕੇ ਇਸ ਵਿਚ ਵਿਚਰਿਆ ਜਾਵੇ, ਨਾ ਕਿ ਇਸ ਨੂੰ ਸਦਾ ਸਥਿਰ ਸਮਝ ਕੇ ਇਸ ਵਿਚ ਇਤਨਾ ਗੁਸਿਆ ਜਾਵੇ ਕਿ ਮੂਲ ਸਰੋਤ ਦੀ ਹੀ ਸੋਝੀ ਨਾ ਰਹੇ ।

ਜਿਵੇਂ ਬੱਚਾ ਨਵੇਂ ਨਵੇਂ ਖਿਡਾਉਣੇ ਵੇਖ ਕੇ ਭਰਮ ਜਾਂਦਾ ਹੈ ਤੇ ਕੁਝ ਦੇਰ ਲਈ ਆਪਣੇ ਮਾਂ ਬਾਪ ਨੂੰ ਵੀ ਭੁਲ ਜਾਂਦਾ ਹੈ ਇਸੇ ਤਰ੍ਹਾਂ ਮਨੁਖ ਵੀ ਇਸ ਸੰਸਾਰ ਦੀ ਦਿਲਕਸ਼ ਖਿਚ ਵਿਚ ਮੋਹਤ ਹੋ ਕੇ ਅਕਾਲਪੁਰਖ ਰੂਪੀ ਪਿਤਾ ਨੂੰ ਵਿਸਾਰ ਦੇਂਦਾ ਹੈ ਤੇ ਫਿਰ ਭਟਕਣ ਦੇ ਸਾਗਰ ਵਿਚ ਗੋਤੇ ਖਾਣ ਲੱਗ ਜਾਂਦਾ ਹੈ । ਧਰਮ ਅਜਿਹੇ ਮਨੁਖ ਦਾ ਪਥ-ਪਰਦਰਸ਼ਨ ਕਰਦਾ ਹੈ, ਉਸ ਨੂੰ ਅਸਲੀਅਤ ਵਲ ਜੋੜਨ ਦਾ ਉਪਰਾਲਾ ਕਰਦਾ ਹੈ, ਉਸ ਅੰਦਰ ਸਦਾ-ਅਨੰਦ ਦੀ ਆਵੱਸ਼ਕਤਾ ਦਾ ਸੰਚਾਰ ਕਰਨ ਲਈ ਉਸ ਨੂੰ ਪ੍ਰੇਰਤ ਕਰਦਾ ਹੈ, ਫ਼ਰਜ਼ ਦੀ ਪਹਿਚਾਣ ਤੇ ਉਸ ਦੀ ਅਦਾਇਗੀ ਦੱਸਣ ਦੇ ਨਾਲ ਨਾਲ ਉਸ ਨੂੰ ਮਹਿਸੂਸ ਕਰਾਉਂਦਾ ਹੈ ਕਿ ਗੋਬਿੰਦ ਮਿਲਣ ਦੀ ਇਹੀ ਤੇਰੀ ਬਰੀਆ ਹੈ, ਤੇ ਐ ਮਨੁਖ ! ਅਵਰ ਕਾਜ ਤੇਰੇ ਕਿਸੇ ਵੀ ਕੰਮ ਨਹੀਂ ਆਵਣੇ ।

ਜਦ ਮਨੁਖ ਧਰਮ ਦੇ ਖੇਤਰ ਵਿਚ ਪਰਵੇਸ਼ ਕਰ ਜਾਂਦਾ ਹੈ ਤਾਂ ਉਸ ਵਿਚੋਂ ਕਰਤਾ ਭਾਵ ਮਿਟਣਾ ਸ਼ੁਰੂ ਹੋ ਜਾਂਦਾ ਹੈ, ਉਹ "ਮੈਂ-ਮੇਰੀ" ਤੋਂ ਨਿਕਲ ਕੇ "ਤੂੰ-ਤੇਰੀ" ਵਿਚ ਵਿਚਰਨ ਲੱਗ ਜਾਂਦਾ ਹੈ, ਉਸ ਵਿਚ ਸੇਵਾ ਤੇ ਸਿਮਰਨ ਉਤਪੰਨ ਹੋਣ ਲਗ ਜਾਂਦੇ ਹਨ । ਫਿਰ ਕੋਈ ਵੀ ਉਸ ਨੂੰ ਬਿਗਾਨਾ ਨਹੀਂ ਦਿਸਦਾ । ਉਹ ਸਭ ਦਾ ਮੀਤ ਹੋ ਜਾਂਦਾ ਹੈ ਤੇ ਅਕਾਲ ਪੁਰਖ ਦਾ ਦਾਸ । ਅਜਿਹੀ ਸਦ-ਭਾਵਨਾ ਮਨੁਖੀ ਜੀਵਨ ਵਿਚ ਵਿਸ਼ੇਸ਼ ਮਹੱਤਤਾ ਰਖਦੀ ਹੈ, ਜਿਸ ਦੀ ਹੋਂਦ ਕੇਵਲ ਧਰਮ ਹੈ, ਨਿਰੋਲ ਧਰਮ । ਐਸੀ ਅਵਸਥਾ ਵਿਚ ਪਹੁੰਚਿਆ ਮਨੁਖ ਆਪਣੇ ਦਿਮਾਗ਼ ਨਾਲ ਰੱਬ ਬਾਰੇ ਸੋਚਣ ਦੀ ਥਾਂ ਆਪਣੇ ਹਿਰਦੇ ਨਾਲ ਉਸ ਦੇ ਪ੍ਰੇਮ ਦਾ ਅਨੰਦ ਲੈਂਦਾ ਹੈ । ਉਸ ਨੂੰ ਇਹ ਅਸਲੀਅਤ

www.AKJ.Org

ਖੁਲ੍ਹਦੀ ਹੈ ਕਿ ਆਪਣੀ ਸੋਚ ਦੇ ਅਧਾਰ ਤੇ ਕੀਤੀ ਕਾਰਵਾਈ ਕਾਰਨ ਇਨਸਾਨ ਆਤਮ-ਹੱਤਿਆ ਕਰਨ ਵਲ ਵੱਧ ਰਹੇ ਹਨ, ਪਰ ਗੁਰੂ ਦੀ ਗੱਲ ਨੂੰ ਮੰਨ ਕੇ ਤੁਰਨ ਨਾਲ ਉਹ ਵਿਸ਼ਾਲ ਤੇ ਵਿਰਾਟ ਸੱਚ ਦੇ ਅਨੁਭਵ ਦੇ ਸਨਮੁਖ ਹੋ ਜਾਂਦੇ ਹਨ, ਕਿਉਂਕਿ ਗੁਰੂ ਸਾਨੂੰ ਜਗਿਆਸਾ ਅਤੇ ਪੂਰਨ ਅਸਲੀਅਤ ਨਾਲ ਸੰਯੁਕਤ ਕਰਦਾ ਹੈ।

ਜਦ ਅਸੀਂ ਧਰਮ ਜਾਂ ਗੁਰ-ਸ਼ਬਦ (ਜਿਹੜਾ ਉਸ ਅਕਾਲ ਪੁਰਖ ਦੀ ਮਹਿਮਾ ਦਾ ਅਖਰੀ ਚਿਤਰ ਹੈ) ਨੂੰ ਗ੍ਰਹਿਣ ਕਰ ਲੈਂਦੇ ਹਾਂ ਤਾਂ ਫਿਰ ਸਾਨੂੰ ਦੁਖ ਤੇ ਸੁਖ ਦੀ ਸਹੀ ਪਛਾਣ ਹੋਣ ਲੱਗ ਪੈਂਦੀ ਹੈ। ਜੋ ਸੁਖ, ਦੁਖ ਦੇ ਆਵਣ ਨਾਲ ਭੰਗ ਹੋ ਜਾਵੇ, ਉਸ ਨੂੰ ਸਦੀਵੀ ਸੁਖ ਨਹੀਂ ਸਗੋਂ ਇਕ ਧੋਖਾ ਕਿਹਾ ਜਾ ਸਕਦਾ ਹੈ। ਇਸ ਲਈ ਧਰਮ ਦੇ ਰਾਹ ਦਾ ਪਾਂਧੀ ਦੁਖ ਅਤੇ ਸੁਖ ਵਿਚ ਇਕ-ਸਮਾਨ ਹੋ ਜਾਂਦਾ ਹੈ। ਉਹ ਅਡੋਲ ਜੀਵਨ ਦਾ ਧਾਰਨੀ ਬਣ ਜਾਂਦਾ ਹੈ, ਧਰਮ ਉਸ ਦੇ ਸੁਭਾਅ ਵਿਚੋਂ ਉਛਾਲਿਆਂ, ਵੇਗਾਂ ਅਤੇ ਚੰਚਲਤਾਈ ਨੂੰ ਕੱਢ ਕੇ ਇਕ ਲੈਅ-ਮਈ ਨਿਰੰਤਰ ਅਨਾਹਦ ਪਰਦਾਨ ਕਰਦਾ ਹੈ, ਜਿਹੜਾ ਉਸ ਵਿਚ ਆਤਮਕ, ਅਧਿਆਤਮਕ, ਸਮਾਜਕ ਤੇ ਵਿਹਾਰਕ ਸੁਮੇਲ ਬਣਾਈ ਰਖਦਾ ਹੈ। ਸਿਖ ਇਤਿਹਾਸ ਵਿਚ ਬੇਸ਼ੁਮਾਰ ਉਦਾਹਰਣਾਂ ਅਜਿਹੇ ਮਰ-ਜੀਵੜਿਆਂ ਦੀਆਂ ਮਿਲਦੀਆਂ ਹਨ ਜਿਨ੍ਹਾਂ ਨੂੰ ਸੁਖ ਤੇ ਦੁਖ ਡੁਲ੍ਹਾ ਨਹੀਂ ਸਕੇ। ਉਹ ਨਿਸ਼ਕਾਮ ਸੇਵਕ ਵਜੋਂ ਆਪਣੇ ਅੰਤਲੇ ਸਵਾਸਾਂ ਤਕ ਉਸ ਮਹਾਨ ਜੋਤਿ ਨਾਲ ਜੁੜੇ ਰਹੇ ਤੇ ਦੁਨਿਆਵੀ ਉਤਾਰ ਚੜ੍ਹਾਅ ਉਨ੍ਹਾਂ ਦੀ ਇਸ ਆਤਮਕ ਬਿਰਤੀ ਦੀ ਚੜ੍ਹਤ ਵਿਚ ਖਿਨ ਮਾਤਰ ਵੀ ਖਲਲ ਪੈਦਾ ਨਾ ਕਰ ਸਕੇ।

ਧਰਮ, ਜੀਵਨ-ਜਾਚ ਸਿਖਾਉਂਦਾ ਹੈ, ਈਰਖਾ ਦਵੈਤ ਅਤੇ ਸੰਕੀਰਨਤਾ (ਤੰਗ-ਦਿਲੀ) ਨਹੀਂ। ਪਰ ਜੇ ਇਤਿਹਾਸ ਦੇ ਪੰਨਿਆਂ ਤੇ ਨਜ਼ਰ ਮਾਰੀਏ ਤਾਂ ਇਹ ਵੀ ਦਿਸੇਗਾ ਕਿ ਧਰਮ ਦੀ ਆੜ ਲੈ ਕੇ ਮਨੁਖ ਨੇ ਮਨੁਖ ਉਤੇ ਦਇਆ ਕਰਨ ਦੀ ਥਾਂ ਕਈ ਵਾਰੀ, ਕਪਟ, ਕੁਟਲਤਾ, ਅਤਿਆਚਾਰ ਅਤੇ ਕੁਕਰਮ ਵੀ ਕੀਤੇ ਹਨ, ਜਿਹੜੇ ਖ਼ਤਰਨਾਕ ਜਾਨਵਰਾਂ ਦੀ ਖ਼ਤਰਨਾਕੀ ਤੋਂ ਵੀ ਕਈ ਗੁਣਾ ਵਧੇਰੇ ਖ਼ਤਰਨਾਕ ਹਨ ਅਤੇ ਇਨ੍ਹਾਂ ਅਪਧਰ੍ਵਾਂ ਨੂੰ ਕੋਈ ਅਧਰਮੀ ਵੀ ਧਾਰ੍ਮਕ ਕਰਮ ਨਹੀਂ ਕਹਿ ਸਕਦਾ, ਕਿਉਂਕਿ ਧਰਮ ਜ਼ਖ਼ਮ ਵਧਾਉਣ ਦੀ ਕਿਰਿਆ ਨਹੀਂ ਕਰਦਾ, ਜ਼ਖ਼ਮਾਂ ਤੇ ਫੰਬਾ ਰੱਖਣ ਦਾ ਕਾਰਜ ਕਰਦਾ ਹੈ, ਦੂਜਿਆਂ ਦੇ ਦਰਦ ਵੰਡਾਣ ਦਾ ਵਸੀਲਾ ਬਣਦਾ ਹੈ। ਆਪਣੇ ਖ਼ਿਆਲਾਂ ਜਾਂ ਆਪਣੇ ਧਰਮ ਦਾ ਬੰਦਾ ਨਾ ਹੋਣ ਤੇ ਉਸ ਨੂੰ ਮਾਰ ਦੇਣਾ ਧਰਮ ਨਹੀਂ, ਦਰਿੰਦਗੀ ਹੈ, ਜਿਸ ਦੀ ਅੱਜ ਦੇ ਜ਼ਮਾਨੇ ਵਿਚ ਕੋਈ ਥਾਂ ਨਹੀਂ। ਧਰਮ ਦੇ ਪਸਾਰ ਦੇ ਅਜਿਹੇ ਅਤਿਆਚਾਰੀ ਠੇਕੇਦਾਰਾਂ ਨੇ ਇਹ ਕਿਉਂ ਨਹੀਂ ਸੋਚਿਆ ਕਿ ਲੋਹੇ ਦੀ ਜ਼ੰਜੀਰ ਤੇ ਪੱਥਰ ਦੀਆਂ ਦੀਵਾਰਾਂ ਇਨਸਾਨ ਨੂੰ ਬੰਦ ਨਹੀਂ ਕਰ ਸਕਦੀਆਂ। ਉਸ ਦਾ ਅੰਦਰਲਾ ਵਿਵੇਕ ਹੀ ਉਸ ਨੂੰ ਬੰਦ ਕਰ ਸਕਦਾ ਹੈ, ਠਹਿਰਾ ਸਕਦਾ ਹੈ। ਇਸ ਲਈ ਧਰਮ ਦੀ ਕੋਈ ਵੀ ਸਿਖਿਆ ਪਰੇਰਨਾ ਤੋਂ ਇਲਾਵਾ ਹੋਰ ਕਿਸੇ ਮਾਧਿਅਮ ਰਾਹੀਂ ਨਹੀਂ ਹੋ ਸਕਦੀ। ਇਸ ਖੇਤਰ ਵਿਚ ਧੱਕਾ-ਸ਼ਾਹੀ ਕਰਨ ਵਾਲਿਆਂ ਨੇ ਧਾਰਮਕ ਸੋਚ ਨੂੰ ਠੇਸ ਪਹੁੰਚਾਈ ਹੈ, ਇਸ ਦੀ ਸੇਵਾ ਨਹੀਂ ਕੀਤੀ। ਗੁਰਬਾਣੀ ਅਨੁਸਾਰ ਧਰਮ ਬਾਹਰੀ ਦਿਖਾਵਿਆਂ ਦਾ ਵੀ ਨਾਂ ਨਹੀਂ, ਕਿਉਂਕਿ ਉਨ੍ਹਾਂ ਨੂੰ ਧਰਮ ਦੀ ਆਤਮਾ ਨਹੀਂ ਕਿਹਾ ਜਾ ਸਕਦਾ, ਕੇਵਲ ਸਰੀਰ ਹੀ ਮੰਨਿਆ ਜਾ ਸਕਦਾ ਹੈ। ਅਤੇ ਅਸੀਂ ਸਰੀਰ ਦੀ ਗੱਲ ਨਹੀਂ ਕਰਨੀ, ਆਤਮਾ ਦੀ ਕਰਨੀ ਹੈ, ਜਿਹੜੀ ਨਿਸ਼ਕਾਮ ਰੂਪ ਵਿਚ ਨਾਮ ਜਪਣ ਨਾਲ ਉਜਵਲ ਹੁੰਦੀ ਹੈ। ਅਤੇ ਅਜਿਹੀ ਨਾਮ ਸਿਮਰਨ ਵਾਲੀ ਆਤਮਾ ਹੀ ਅਕਾਲ ਪੁਰਖ ਵਿਚ ਅਭੇਦ ਹੋ ਸਕਦੀ ਹੈ। ਇਸ ਗੱਲ ਦੀ ਵਿਆ-ਖਿਆ ਕਰਦਿਆਂ ਗੁਰੂ ਅੰਗਦ ਦੇਵ ਜੀ ਫੁਰਮਾਉਂਦੇ ਹਨ ਕਿ ਜੋਗੀ ਦਾ ਧਰਮ ਗਿਆਨ ਪ੍ਰਾਪਤ ਕਰਨਾ ਹੈ, ਬ੍ਰਾਹਮਣ ਦਾ ਧਰਮ ਵੇਦਾਂ ਦੀ ਵਿਚਾਰ ਕਰਨਾ ਹੈ, ਖਤਰੀਆਂ ਦਾ ਧਰਮ ਸੂਰਮਗਤੀ ਹੈ... ..

www.AKJ.Org

ਪਰ ਸਾਰਿਆਂ ਪ੍ਰਾਣੀਆਂ ਦਾ ਮੁਖ ਧਰਮ ਪ੍ਰਭੂ ਦੀ ਅਰਾਧਨਾ ਤੇ ਸਿਮਰਨ ਹੈ। ਉਹ ਕਹਿੰਦੇ ਹਨ ਜੋ ਮਨੁਖ ਇਸ ਭੇਦ ਨੂੰ ਜਾਣ ਗਿਆ ਉਸ ਦੇ ਉਹ ਦਾਸ ਹਨ, ਕਿਉਂਕਿ ਉਹ ਫਿਰ ਵਾਹਿਗੁਰੂ ਦਾ ਹੀ ਸਰੂਪ ਬਣ ਗਿਆ ਹੈ। ਗੁਰੂ ਤੇਗ ਬਹਾਦਰ ਜੀ ਵੀ ਇਕ ਸ਼ਬਦ ਵਿਚ ਧਰਮ ਦੀ ਮਹੱਤਤਾ ਦਰਸਾਉਂਦੇ ਬਚਨ ਕਰਦੇ ਹਨ ਕਿ ਕਲਜੁਗ ਵਿਚ ਅਕਾਲ ਪੁਰਖ ਦਾ ਨਾਮ ਹੀ ਮਨੁਖ ਦਾ ਪਾਰ-ਉਤਾਰਾ ਕਰ ਸਕਦਾ ਹੈ, ਹੋਰ ਫੋਕਟ ਕਰਮ, ਧਰਮ, ਵਿਦਿਆ ਉਸ ਦੇ ਕੰਮ ਨਹੀਂ ਅਉਣੀ। ਇਹ ਗੱਲ ਦੀ ਪੁਸ਼ਟੀ ਕਬੀਰ ਜੀ ਦੇ ਸਲੋਕਾਂ ਦੁਆਰਾ ਵੀ ਹੁੰਦੀ ਹੈ, ਜਿਹੜੇ ਗੁਰੂ ਗਰੰਥ ਸਾਹਿਬ ਵਿਚ ਸੁਭਾਇਮਾਨ ਹਨ।

ਧਰਮ ਸਾਡੇ ਅੰਦਰਲੇ ਨੂੰ ਬਲਵਾਨ ਕਰਦਾ ਹੈ, ਉਸ ਵਿਚ ਡਸਿਪਲਿਨ ਪੈਦਾ ਕਰਦਾ ਹੈ, ਸਹਿਨ-ਸ਼ੀਲਤਾ ਭਰਦਾ ਹੈ ਅਤੇ ਮੂਲ-ਸਰੋਤ ਨਾਲ ਜੁੜਨ ਲਈ ਉਤਸ਼ਾਹਤ ਕਰਦਾ ਹੈ। ਜਿਸ ਮਨੁਖ ਵਿਚ ਧਰਮ ਦੇ ਇਨ੍ਹਾਂ ਗੁਣਾਂ ਦਾ ਵਾਸਾ ਹੋ ਜਾਵੇ ਉਸ ਉਤੇ ਬਾਹਰੀ ਅਤਿਆਚਾਰ ਕੀ ਅਸਰ ਕਰ ਸਕਦੇ ਹਨ। ਭਾਈ ਤਾਰੂ ਸਿੰਘ ਜੀ, ਭਾਈ ਮਨੀ ਸਿੰਘ ਜੀ, ਬਾਬਾ ਬੰਦਾ ਸਿੰਘ ਬਹਾਦਰ ਤੇ ਹਜ਼ਾਰਾਂ ਹੋਰ ਸ਼ਹੀਦ ਬਲਵਾਨ ਧਾਰਮਕ ਜੀਵਨ ਦੇ ਮਾਲਕ ਹੋਣ ਕਾਰਨ ਬਾਹਰੀ ਤਸੀਹਿਆਂ ਨੂੰ ਖਿੜੇ ਮੱਥੇ ਪਰਵਾਨ ਕਰ ਕੇ ਧਰਮ ਦਾ ਡੰਕਾ ਵਜਾ ਗਏ ਹਨ। ਖ਼ਾਫ਼ੀ ਖ਼ਾਂ ਨੇ ਤਾਂ ਬੰਦਾ ਸਿੰਘ ਬਹਾਦਰ ਬਾਰੇ ਲਿਖਿਆ ਹੈ ਕਿ ਉਹ ਇਤਨਾ ਸੁਹਣਾ ਸੀ ਕਿ ਉਸ ਨੂੰ ਵੇਖਦਿਆਂ ਭੁਖ ਲਹਿੰਦੀ ਸੀ। ਉਸ ਨੂੰ ਮਾਰਨ ਤੋਂ ਪਹਿਲਾਂ ਉਸ ਨੂੰ ਹਰ ਪ੍ਰਕਾਰ ਦੇ ਲਾਲਚ ਦਿਤੇ ਗਏ ਕਿ ਉਹ ਮੁਸਲਮਾਨ ਬਣ ਜਾਵੇ ਕਿਉਂਕਿ ਕੋਈ ਵੀ ਅਜਿਹੇ ਸੁਹਣੇ ਸਰੀਰ ਨੂੰ ਨਸ਼ਟ ਨਹੀਂ ਸੀ ਕਰਨਾ ਚਾਹੁੰਦਾ, ਪਰ ਉਹ ਨਾ ਮੰਨਿਆ, ਇਸ ਕਰਕੇ ਉਸ ਦੇ ਸਰੀਰ ਨੂੰ ਜੰਬੂਰਾਂ ਨਾਲ ਨੋਚ ਨੋਚ ਕੇ ਕੋਹਿਆ ਗਿਆ। ਉਸ ਦੇ ਪੁੱਤਰ ਦਾ ਦਿਲ ਕੱਢ ਕੇ ਉਸ ਦੇ ਮੂੰਹ ਵਿਚ ਪਾਇਆ ਗਿਆ। ਇਸ ਤੇ ਵੀ ਬੰਦਾ ਸਿੰਘ ਬਿਲਕੁਲ ਅਡੋਲ ਰਿਹਾ। ਇਹ ਅਡੋਲਤਾ ਕੀ ਸੀ ? ਉਸ ਦਾ ਅੰਤਰੀਵ ਜ਼ਾਬਤਾ ਸੀ, ਸਵੈ-ਡਸਿਪਲਿਨ ਸੀ, ਦੁਖ ਸੁਖ ਵਿਚ ਇਕ-ਸਮਾਨ ਹੋਣ ਦਾ ਅਮਲੀ ਪ੍ਰਗਟਾਵਾ ਸੀ, ਜਾਂ ਇਵੇਂ ਕਹਿ ਲੋ ਕਿ ਧਰਮੀ ਜੀਵਨ ਦੀ ਪਰਦਰ-ਸ਼ਨੀ ਸੀ।

ਧਰਮ ਦੀ ਬਹੁਮੁਲਤਾ ਤੇ ਸਰਬ-ਸਰੇਸ਼ਟਤਾ ਦੇ ਅਧਾਰ ਤੇ ਇਹੀ ਕਿਹਾ ਜਾ ਸਕਦਾ ਹੈ ਕਿ ਮਨੁਖ ਧਰਮ ਦੇ ਮਾਧਿਅਮ ਰਾਹੀਂ ਅਸੀਮ ਤੇ ਵਿਰਾਟ ਸ਼ਕਤੀ-ਸਰੋਤ ਨਾਲ ਜੁੜਦਾ ਹੈ, ਜਿਸ ਨੂੰ ਪਰਮ ਸਤਾ ਕਿਹਾ ਜਾਂਦਾ ਹੈ। ਇਹ ਸੌਦਾ ਹਰ ਲਿਹਾਜ਼ ਨਾਲ ਖਟੀ ਵਾਲਾ ਹੈ। ਬਸ ਇਸ ਨੂੰ ਧਾਰਨ ਕਰਨ ਨਾਲ ਮਨੁਖਤਾ ਦਾ ਕਲਿਆਨ ਹੈ। ਵਿਚਾਰ ਦੀ ਦੋਸਤੀ ਵਿਚ ਫਸੀ ਇਨਸਾਨੀ-ਅਤ, ਮਨੁਖ ਨੂੰ ਭਟਕਾ ਦੇਂਦੀ ਹੈ। ਭਾਵੇਂ ਵਿਚਾਰਾਂ ਦੀ ਦੋਸਤੀ ਵਿਚ ਵੀ ਇਕ ਨਸ਼ਾ ਹੈ, ਪਰ ਇਹ ਨਸ਼ਾ ਝੂਠਾ ਹੈ। ਜੇ ਇਹ ਨਸ਼ਾ ਉਤਰ ਗਿਆ ਹੁੰਦਾ ਤਾਂ ਅਸੀਂ ਕਦ ਦੇ ਆਪਣੇ ਸੱਚੇ ਘਰ ਪਹੁੰਚ ਗਏ ਹੁੰਦੇ। ਹਾਲੇ ਵੀ ਡੁਲ੍ਹਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ। ਧਰਮ ਦਾ ਰਾਹ ਸਪੱਸ਼ਟ ਤੇ ਗਾਡੀ-ਰਾਹ ਹੈ, ਜਿਹੜਾ ਸਾਨੂੰ "ਪੂਰਨ ਦੀ ਪ੍ਰਾਪਤੀ" ਵਲ ਲੈ ਜਾਂਦਾ ਹੈ। ਤੇ ਗੋਬਿੰਦ ਪੂਰਨ ਹੈ ਤੇ ਉਸ ਗੋਬਿੰਦ ਨੂੰ ਮਿਲਣ ਲਈ ਇਹ ਮਨੁਖੀ ਜਾਮਾ ਇਕ ਸੁਨਹਿਰੀ ਮੌਕਾ ਹੈ। ਇਸ ਲਈ ਧਰਮ ਦੀ ਮਹੱਤਤਾ ਨੂੰ ਅਨੁਭਵ ਕਰੋ, ਇਸੇ ਵਿਚ ਹੀ ਬਿਹਤਰੀ ਹੈ।

---

**ਕੇਸਾਂ ਬਾਰੇ ਵਿਗਿਆਨਕ ਤੇ ਇਤਿਹਾਸਕ ਖੋਜ**—"ਕੇਸ ਕਿਉਂ ਜ਼ਰੂਰੀ ਹਨ" ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਟਰੈਕਟ ਦੇ ਨਾਲ ਸ: ਸਰੂਪ ਸਿੰਘ ਜੀ 'ਅਲਗ' ਦਾ ਅਰੰਭਕ ਹੈਡਿੰਗ ਵਾਲਾ ਲੇਖ ਸ਼ਾਮਲ ਹੈ। ਪਰਚਾਰ ਹਿਤ ਵੰਡਣ ਲਈ ਖ਼ਾਸ ਰਿਆਇਤ। ਇਹ ਟ੍ਰੈਕਟ ਤੀਹ ਪੈਸੇ।



www.AKJ.Org

# ਗੁਰੂ ਨਾਨਕ ਦੀ ਜਲ-ਸਮਾਧੀ

[ਵਲੋਂ—ਡਾਕਟਰ ਜਗਤਾਰ ਸਿੰਘ ਜੀ, ਗੁਰਦਵਾਰਾ ਰੋਡ, ਕੋਟਾ-੨]

ਭਾਰਤ ਵਿਚ ਜੋਗੀਆਂ ਦੀਆਂ ਸਮਾਧੀਆਂ ਇਕ ਆਮ ਗੱਲ ਹੈ। ਜੋਗ ਅਭਿਆਸ ਅਤੇ ਪ੍ਰਾਣਾ-ਯਾਮ ਦੁਆਰਾ ਕਈ ਕਈ ਘੰਟੇ ਤੇ ਕਈ ਕਈ ਦਿਨ ਸਮਾਧੀ-ਸਥਿਤ ਰਹਿਣ ਦੀਆਂ ਕਈ ਕਥਾਵਾਂ ਕਈ ਰਿਸ਼ੀਆਂ ਮੁਨੀਆਂ ਨਾਲ ਸੰਬੰਧਤ ਆਮ ਲੋਕਾਂ ਦੀ ਜ਼ਬਾਨ ਉਪਰ ਹਨ। ਅਜ ਵੀ ਕਈ ਸਾਧਿਕ ਤੇ ਯੋਗੀ ਮਿਲਦੇ ਹਨ, ਜੋ ਜ਼ਮੀਨ ਦੇ ਥਲੇ ਕਈ ਕਈ ਦਿਨ ਦੀ ਸਮਾਧੀ ਲਾ ਕੇ ਲੋਕਾਂ ਨੂੰ ਚਕ੍ਰਿਤ ਕਰਦੇ ਹਨ। ਇਹ ਗੱਲ ਲਗਾਤਾਰੀ ਅਭਿਆਸ ਦੀ ਹੈ, ਤੇ ਇਸ ਦਾ ਨਿਸ਼ਾਨਾ ਜੋਗੀ ਦਾ ਚਮਤ-ਕਾਰੀ ਮਨੌਤ ਦਾ ਪ੍ਰਗਟਾਵਾ ਕਰ ਕੇ ਲੋਕਾਂ ਨੂੰ ਪਿਛੇ ਲਾਉਣਾ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਵੀ ਇਕ ਸਮਾਧੀ ਦੀ ਘਟਨਾ ਵਾਪਰੀ ਸੀ। ਪਰ ਇਹ ਸਮਾਧੀ ਜੋਗੀਆਂ ਵਾਂਗਰ ਲਗਾਤਾਰੀ ਅਭਿਆਸ ਦੁਆਰਾ ਪ੍ਰਾਪਤ ਕੀਤੀ ਹੋਈ ਸਮਾਧੀ ਨਹੀਂ ਸੀ ਤੇ ਨਾ ਹੀ ਇਸ ਦਾ ਮੰਤਵ ਕਿਸੇ ਕਿਸਮ ਦਾ ਲੋਕ-ਦਿਖਾਵਾ ਜਾਂ ਇਸ਼ਤਿਹਾਰਬਾਜ਼ੀ ਸੀ।

ਗੁਰਦੇਵ ਦੇ ਜੀਵਨ ਦੀਆਂ ਅਨੇਕ ਚਮਤਕਾਰੀ ਘਟਨਾਵਾਂ ਵਾਂਗ ਸੁਤੇ ਸਿਧ ਹੀ ਇਹ ਇਕ ਅਲੌ-ਕਿਕ ਘਟਨਾ ਸੀ, ਜਿਸ ਵਿਚੋਂ ਸੜਦੇ ਬਲਦੇ ਸੰਸਾਰ ਨੂੰ ਨਾਮ ਦੀ ਠੰਢਕ ਪ੍ਰਾਪਤ ਹੋਈ। ਇਹ ਘਟਨਾ ਸੁਲਤਾਨਪੁਰ ਲੋਧੀ (ਪੰਜਾਬ) ਵਿਖੇ ਵੇਈਂ ਨਦੀ ਵਿਚ ਤਿੰਨ ਦਿਨ ਅਲੋਪ ਰਹਿਣ ਦੀ ਹੈ। ਐਸੀਆਂ ਘਟਨਾਵਾਂ ਦਾ ਜ਼ਿਕਰ ਸੰਸਾਰ ਦੇ ਕੁਝ ਕੁ ਚੋਣਵੇਂ ਪੈਗੰਬਰਾਂ ਦੇ ਜੀਵਨ ਵਿਚ ਵੀ ਮਿਲਦਾ ਹੈ। ਉਨ੍ਹਾਂ ਦਾ ਤੁਲਨਾਤਮਿਕ ਅਧਿਐਨ ਸੰਖੇਬ ਵਿਚ ਕਰਨਾ ਉਚਿਤ ਵੀ ਹੈ ਤੇ ਗੁਰਸਿਖਾਂ ਲਈ ਗੌਰਵਤਾ ਵੀ ਰੱਖਦਾ ਹੈ। ਤਦੇ ਹੀ ਤਾਂ ਆਪਣੇ ਆਪ ਨੂੰ 'ਨੀਚ', 'ਸਗ' 'ਢਾਡੀ' ਆਖਣ ਵਾਲੀ ਮਹਾਨ ਸ਼ਖ਼ਸੀਅਤ ਦੀ ਪ੍ਰਤਿਭਾ ਉਜਾਗਰ ਹੁੰਦੀ ਹੈ ਜਦ ਉਸ ਨੂੰ "ਸਭ ਤੇ ਵਡਾ" "ਘਰਿ ਘਰਿ ਬਾਬਾ ਗਾਵੀਐ", ਅਤੇ "ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ" ਆਦਿ ਸਿਫਤਾਂ ਨਾਲ ਦਿਲੋਂ ਯਾਦ ਕਰ ਸਕੀਦਾ ਹੈ।

ਸਤਿਗੁਰੂ ਦੀ ਇਸ ਸਮਾਧੀ ਨਾਲ ਕੁਝ ਕੁਝ ਮੇਲ ਖਾਂਦੀਆਂ ਘਟਨਾਵਾਂ ਹਜ਼ਰਤ ਮੂਸਾ ਦਾ ਕੋਹ-ਤੂਰ ਉਪਰ ਰੱਬ ਨਾਲ ਹਮ-ਕਲਾਮ ਹੋਣਾ, ਮਹਾਤਮਾ ਬੁੱਧ ਨੂੰ ਬੋੜ੍ਹ ਦੇ ਦਰੱਖ਼ਤ ਥਲੇ ਗਿਆਨ ਦੀ ਪ੍ਰਾਪਤੀ, ਤੇ ਹਜ਼ਰਤ ਮੁਹੰਮਦ ਸਾਹਿਬ ਦੀ ਸ਼ਬੇ-ਮੇਅਰਾਜ ਹਨ।

ਹਜ਼ਰਤ ਮੂਸਾ ਆਪਣੀ ਯਹੂਦੀ ਕੌਮ ਉਤੇ ਮਿਸਰੀਆਂ ਦੇ ਅਤਿਆਚਾਰਾਂ ਤੋਂ ਦੁਖੀ ਸਨ ਤੇ ਯਹੂਦੀਆਂ ਦੀ ਬੇਹਤਰੀ ਲਈ ਰੱਬ ਅਗੇ ਨਿਤ ਜੋਦੜੀ ਕਰਦੇ ਸਨ। ਇਕ ਦਿਨ ਕੋਹ-ਤੂਰ ਉਤੇ ਮੂਸਾ ਨੂੰ ਬੇ-ਇਨਤਹਾ ਨੂਰ ਨਜ਼ਰ ਆਇਆ, ਜਿਸ ਨਾਲ ਮੂਸਾ ਦੀਆਂ ਅੱਖਾਂ ਚੁੰਧਿਆ ਗਈਆਂ। ਇਸ ਨੂੰ ਇਸ ਵਿਚੋਂ ਜੋ ਆਵਾਜ਼ ਆਈ ਉਸ ਵਿਚੋਂ ਯਹੂਦੀ ਕੌਮ ਲਈ ਦਸ ਰੱਬੀ ਹੁਕਮ ਮੂਸਾ ਨੇ ਲਿਆਂਦੇ। ਯਹੂਦੀਆਂ ਦੇ ਇਸ ਪੈਗੰਬਰ ਦੇ, ਰੱਬ ਨਾਲ ਹਮ-ਕਲਾਮ ਹੋਣ ਬਾਰੇ ਕੇਵਲ ਪੈਗੰਬਰ ਦਾ ਆਪਣਾ ਦਾਅਵਾ ਹੈ, ਕਿਸੇ ਹੋਰ ਦੀ ਸ਼ਹਾਦਤ ਨਹੀਂ। ਤੇ ਦਸ ਫੁਰਮਾਨ ਕੇਵਲ ਯਹੂਦੀ ਕੌਮ ਦੀ ਹੀ ਖਲਾਸੀ ਲਈ ਸਨ, ਸਾਰੀ ਮਨੁੱਖਤਾ ਲਈ ਨਹੀਂ।

ਮਹਾਤਮਾ ਬੁਧ ਆਪਣੀ ਭਰ-ਜੁਆਨੀ ਵਿਚ ਕੋਮਲ-ਰਿਦਾ ਹੋਣ ਕਰਕੇ ਸੰਸਾਰੀ ਦੁਖਾਂ ਨਾਲ ਅਤਿ-ਪੀੜਤ ਸਨ, ਤੇ ਇਨ੍ਹਾਂ ਦੁਖਾਂ ਤੋਂ ਛੁਟਕਾਰੇ



www.AKJ.Org

ਦਾ ਰਾਹ ਲਭਣ ਲਈ ਘਰੋਂ ਨਿਕਲ ਗਏ। ਭਾਲ ਕਈ ਤਰ੍ਹਾਂ ਦੀ ਕੀਤੀ, ਪਰ ਅਸਫਲ। ਅੰਤ ਆਤਮ-ਚਿੰਤਨ ਦੇ ਕਈ ਵਰ੍ਹਿਆਂ ਬਾਅਦ ਇਕ ਦਿਨ ਉਨ੍ਹਾਂ ਨੂੰ ਜੋ ਗਿਆਨ ਸਫੁਰ ਹੋਇਆ ਉਸ ਵਿਚੋਂ ਅਸ਼ਟ-ਮਾਰਗ ਦਾ ਸਿਧਾਂਤ ਨਿਕਲਿਆ। ਬੁੱਧ ਜੀ ਪਰਮ-ਤੱਤ ਬਾਰੇ ਤਾਂ ਚੁਪ ਹੀ ਰਹੇ, ਪਰ ਮਨੁੱਖਤਾ ਨੂੰ ਦੁਖਾਂ ਤੋਂ ਛੁਟਕਾਰਾ ਦਿਵਾਉਣ ਲਈ ਅਸ਼ਟ-ਮਾਰਗ ਦਾ ਉਪਦੇਸ਼ ਦੇਣ ਲਗੇ। ਮਹਾਤਮਾ ਬੁੱਧ ਦਾ ਫ਼ਲਸਫ਼ਾ ਇਕ ਸਾਧਾਰਨ ਮਨੁੱਖ ਤੋਂ ਬੁਧ, ਤੇ ਫੇਰ ਪ੍ਰਚਾਰਕ ਬਣਨ ਤਕ ਹੀ ਹੈ।

ਹਜ਼ਰਤ ਮੁਹੰਮਦ ਸਾਹਿਬ ਦੀ ਸ਼ਬੇ-ਮੇਅਰਾਜ਼ ਇਉਂ ਦਸੀਦੀ ਹੈ ਕਿ ਮੁਹੰਮਦ ਸਾਹਿਬ ਇਕ ਦਿਨ ਸੁਤੇ ਹੋਏ ਸਨ ਕਿ ਅਚਾਨਕ ਫ਼ਰਿਸ਼ਤਾ ਜਬਰਾਈਲ ਨੇ ਆ ਉਠਾਇਆ। ਵਜ਼ੂ ਕਰਨ ਬਾਅਦ ਹਜ਼ਰਤ ਮੁਹੰਮਦ ਸਾਹਿਬ ਨੂੰ ਇਕ ਅਰਸ਼ੀ ਘੋੜੇ ਤੇ ਬਿਠਾਇਆ ਗਿਆ, ਜਿਸ ਦਾ ਮੂੰਹ ਬੰਦੇ ਦਾ ਸੀ ਤੇ ਬਾਕੀ ਧੜ ਘੋੜੇ ਦਾ। ਜਬਰਾਈਲ ਮੁਹੰਮਦ ਸਾਹਿਬ ਨੂੰ ਸਤਵੇਂ ਆਸਮਾਨ ਤੇ ਬੈਠੇ ਖ਼ੁਦਾ ਵਲ ਲੈ ਤੁਰਿਆ। ਇਸ ਸਫ਼ਰ ਵਿਚ ਮੁਹੰਮਦ ਸਾਹਿਬ ਨੇ ਸੱਤਾਂ ਹੀ ਅਸਮਾਨਾਂ ਦੀ ਮਖ਼ਲੂਕਾਤ ਨੂੰ ਦੇਖਿਆ, ਪਹਿਲੋਂ ਦੇ ਹੋ ਚੁਕੇ ਪੈਗੰਬਰਾਂ ਨੂੰ ਦੇਖਿਆ, ਮਲਕੁਲ-ਮੌਤ ਨੂੰ, ਤੇ ਦੋਜ਼ਖ ਅਰ ਜੰਨਤ ਨੂੰ ਦੇਖਿਆ। ਆਖ਼ਿਰ ਸਤਵੇਂ ਆਸਮਾਨ ਤੇ ਖ਼ੁਦਾ ਦੇ ਨੂਰ ਦੇ ਦੀਦਾਰ ਕੀਤੇ ਤੇ ਉਸ ਨਾਲ ਹਮ-ਕਲਾਮ ਹੋਏ। ਸਿੱਟੇ ਵਜੋਂ ਆਪਣੀ ਕੌਮ ਲਈ ਪੰਜ-ਨਿਮਾਜ਼ੀ ਸ਼ਰੀਅਤ ਲੈ ਕੇ ਆਏ। ਇਹ ਸਾਰਾ ਸਮਾਂ ਸੰਸਾਰ ਦੇ ਸਮੇਂ ਦੇ ਇਕ ਪਲ ਭਰ ਵਿਚ ਹੋ ਗਿਆ। ਸੰਸਾਰ ਦੇ ਕਿਸੇ ਬੰਦੇ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਜਾਂਦਿਆਂ ਜਾਂ ਸੰਸਾਰ ਵਿਚੋਂ ਗ਼ਾਇਬ ਹੁੰਦਿਆਂ ਨਹੀਂ ਦੇਖਿਆ। ਕੇਵਲ ਮੁਹੰਮਦ ਸਾਹਿਬ ਦੇ ਦਸਣ ਤੇ ਹੀ ਨਿਰਭਰ ਹੈ, ਜਿਸ ਨੂੰ ਉਨ੍ਹਾਂ ਦੇ ਮੁਰੀਦ ਉਹਨਾਂ ਦੇ ਕਹਿਣ ਉਤੇ ਯਕੀਨ ਕਰਦੇ ਹਨ।

ਹੁਣ ਦੇਖੋ ਗੁਰੂ ਨਾਨਕ ਦੇਵ ਜੀ ਦੀ ਸੱਚਖੰਡ-ਉਡਾਰੀ। ਬਚਪਨ ਤੋਂ ਹੀ ਗੁਰਦੇਵ ਦੀ ਰੂਹਾਨੀ ਪ੍ਰਤਿਭਾ ਅਦਭੁਤ ਤੇ ਰਹੱਸਮਈ ਘਟਨਾਵਾਂ ਨਾਲ ਉਜਾਗਰ ਹੁੰਦੀ ਆ ਰਹੀ ਹੈ। ਆਪ ਨਾਮ-ਖੁਮਾਰੀ ਨਾਲ ਸਰਸ਼ਾਰ ਰਹਿੰਦੇ ਹਨ। ਨਿਤ-ਕਰਮ ਅਨੁਸਾਰ ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਦੀ ਯਾਦ ਵਿਚ ਜੁੜਦੇ ਹਨ। ਜੁੜਨ ਤੋਂ ਪਹਿਲੋਂ ਸੋਚ-ਇਸ਼ਨਾਨ ਕਰਦੇ ਹਨ। ਮਹਾਤਮਾ ਬੁਧ ਵਾਂਗ ਕਿਸੇ ਸੁੱਖ ਦੀ ਤਲਾਸ਼ ਵਿਚ ਨਹੀਂ ਹਨ, ਸਗੋਂ ਸਦੀਵੀ-ਸੁਖ ਨੂੰ ਪ੍ਰਾਪਤ ਹੋਏ ਸੁਖ ਦੇ ਸੋਮੇ ਹਨ। ਇਨ੍ਹਾਂ ਦੀ ਇਬਾਦਤ ਤੇ ਭਗਤੀ ਹਜ਼ਰਤ ਮੂਸਾ ਵਾਂਗ ਕਿਸੇ ਵਿਸ਼ੇਸ਼ ਕੌਮ ਦੇ ਦੁਖ ਹਰਨ ਹਿਤ ਨਹੀਂ, ਬਲਕਿ ਜੀਵਨ ਦਾ ਅੰਗ ਹੈ ਤੇ ਸੁਤੇ ਸਿਧ ਹੈ। ਨਿਤ-ਕਰਮ ਅਨੁਸਾਰ ਵੇਈਂ ਨਦੀ ਵਿਚ ਇਸ਼ਨਾਨ ਲਈ ਚੁਭੀ ਮਾਰੀ, ਪਰ ਨਿਕਲੇ ਨਹੀਂ। ਤਿੰਨ ਦਿਨ ਤਕ ਨਹੀਂ ਨਿਕਲੇ। ਕੋਈ ਆਖੇ ਡੁਬ ਗਏ, ਕੋਈ ਆਖੇ ਕੋਈ ਜਾਨਵਰ ਖਾ ਗਿਆ। ਕੋਈ ਕੁਝ ਆਖੇ, ਕੋਈ ਕੁਝ। ਤਲਾਸ਼ ਵੀ ਕੀਤੀ ਗਈ। ਸਰਕਾਰੀ ਤੌਰ ਤੇ ਵੀ, ਕਿਉਂਕਿ ਨਵਾਬ ਦੌਲਤ ਖਾਨ ਦੇ ਮੋਦੀ ਵੀ ਸਨ ਤੇ ਸਤਿ-ਕਾਰ-ਪਾਤਰ ਵੀ। ਭੈਣ ਨਾਨਕੀ, ਭੈਣੋਈ ਜੈਰਾਮ, ਅਨੇਕ ਸਨੇਹੀਆਂ ਅਤੇ ਸ਼ਰਧਾਲੂਆਂ ਨੇ ਸੁਲਤਾਨਪੁਰ ਦੇ ਨੇੜੇ ਵੇਈਂ ਨਦੀ ਦਾ ਪਾਣੀ ਛਾਣ ਮਾਰਿਆ, ਪਰ ਗੁਰੂ ਨਾਨਕ ਸਾਹਿਬ ਦਾ ਕੋਈ ਨਿਸ਼ਾਨ ਨਾ ਲਭਾ।

ਪਾਣੀ ਵਿਚ ਜਾਣਾ, ਤਿੰਨ ਦਿਨ ਤਕ ਪਾਣੀ ਵਿਚ ਨਿਸ਼ਾਨ ਵੀ ਨਾ ਮਿਲਣਾ ਇਹ ਪਰਤੱਖ ਯਥਾਰਥ ਸੀ, ਕੋਈ ਮਿਥਿਆਸ ਨਹੀਂ। ਪਰ ਤਿੰਨ ਦਿਨ ਗੁਰੂ ਨਾਨਕ ਦੇਵ ਜੀ ਦਾ ਸਰੀਰ ਕਿਥੇ ਸੀ, ਇਹ ਇਕ ਰਹੱਸ ਹੀ ਰਹੇਗਾ। ਕੋਈ ਚੁੰਚ-ਗਿਆਨੀ ਭਾਵੇਂ ਬੁਧੀ ਦੇ ਹੇਰ ਫੇਰ ਨਾਲ ਕਿਸੇ ਹੋਰ ਢੰਗ ਨਾਲ ਇਸ ਅਲੌਕਿਕ ਘਟਨਾ ਨੂੰ ਪੇਸ਼ ਕਰ ਦੇਵੇ, ਪਰ ਇਸ ਰਹੱਸ ਦੀ ਸਹੀ ਰਮਜ਼ ਸਤਿਗੁਰੂ ਆਪ ਹੀ ਜਾਣੇ।

ਤਿੰਨ ਦਿਨ ਬਾਅਦ ਜਦ ਗੁਰੂ ਸਾਹਿਬ ਪਰਗਟ ਹੋਏ, ਉਨ੍ਹਾਂ ਪਾਸ ਇਕ ਅਜੀਬ ਸੰਦੇਸ਼ਾ ਸੀ। ਇਹ ਸੰਦੇਸ਼ ਕੋਈ ਵਿਅਕਤੀਗਤ ਚਾਨਣ ਨਹੀਂ

www.AKJ.Org

ਸੀ। ਨਾ ਹੀ ਕਿਸੇ ਇਕ ਕੌਮ ਲਈ ਸੰਦੇਸ਼, ਨਾ ਹੀ ਕੇਵਲ ਆਪਣੀ ਹੀ ਉਮਤ ਲਈ ਸ਼ਰਈ-ਤਕੀਕਤ, ਸਗੋਂ ਸਾਰੀ ਮਨੁਖਤਾ ਬਾਰੇ ਇਕ ਸੰਦੇਸ਼ ਸੀ ਤੇ ਉਹ ਸੀ "**ਨਾ ਕੋ ਹਿੰਦੂ ਨਾ ਮੁਸਲਮਾਨ**"। ਗੁਰੂ ਸਾਹਿਬ ਦਾ ਬਾਰ ਬਾਰ ਇਹੋ ਵਚਿਤਰ ਨਾਹਰਾ ਸੀ :
"**ਨਾ ਕੋ ਹਿੰਦੂ ਨਾ ਮੁਸਲਮਾਨ**"।

ਗੱਲ ਬੜੀ ਅਰੰਤੇ ਵਾਲੀ ਸੀ। ਹਿੰਦੂ ਤਾਂ ਹੀਨ-ਭਾਵਨਾ ਦੇ ਸ਼ਿਕਾਰ ਸਨ, ਉਨ੍ਹਾਂ ਦੀ ਅਣਖ ਮਰ ਚੁਕੀ ਸੀ। ਪਰ ਮੁਸਲਮਾਨਾਂ ਸਾਹਮਣੇ "ਨਾ ਕੋ ਮੁਸਲਮਾਨ" ਕਹਿਣ ਦੀ ਦਲੇਰੀ ਕੌਣ ਕਰ ਸਕਦਾ ਸੀ? ਇਨ੍ਹਾਂ ਦਾ ਅੱਲਾ ਤੇ ਰਸੂਲ ਵਿਚ ਯਕੀਨ ਤੇ ਇਨ੍ਹਾਂ ਦੀ ਹਕੂਮਤ ਦਾ ਹੋਣਾ ਇਨ੍ਹਾਂ ਲਈ ਗੌਰਵ ਦੀਆਂ ਗੱਲਾਂ ਸਨ। ਜੇ ਗੁਰੂ ਨਾਨਕ ਸਾਹਿਬ ਦੇ ਕਥਨ ਦਾ ਭਾਵ ਇਹ ਸੀ ਕਿ ਹਿੰਦੂ ਮੁਸਲਮਾਨ ਇਕੋ ਜਿਹੇ ਹਨ ਤਦ ਵੀ ਉਨ੍ਹਾਂ ਲਈ ਬਣਦਾ ਸੀ ਕਿ ਇਸ ਦਾ ਕੋਈ ਅਮਲੀ ਸਬੂਤ ਪੇਸ਼ ਕਰਨ।

ਗੱਲ ਨਵਾਬ ਦੌਲਤ ਖ਼ਾਨ ਪਾਸ ਪੁਜੀ। ਗੁਰੂ ਜੀ ਨੂੰ ਬੁਲਾਇਆ ਗਿਆ। ਆਪਣੇ ਕਥਨ ਦੀ ਪੁਸ਼ਟੀ ਵਜੋਂ ਮਸਜਿਦ ਵਿਚ ਨਿਮਾਜ਼ ਪੜ੍ਹਨ ਲਈ ਕਿਹਾ ਗਿਆ। ਗ਼ੈਰ-ਮੁਸਲਿਮ ਦਾ ਮਸਜਿਦ ਵਿਚ ਜਾਣਾ ਤੇ ਨਿਮਾਜ਼ ਵਿਚ ਸ਼ਾਮਿਲ ਹੋਣਾ ਅਨਹੋਣੀ ਗੱਲ ਸੀ। ਪਰ ਗੁਰਦੇਵ ਗਏ, ਨਮਾਜ਼ੀਆਂ ਦੀ ਜਮਾਤ ਵਿਚ ਖਲੋਏ। ਨਮਾਜ਼ ਸ਼ੁਰੂ ਹੋਈ, ਪਰ ਗੁਰਦੇਵ ਜੀ ਚੁਪ ਚਾਪ ਖੜੇ ਰਹੇ। ਨਮਾਜ਼ ਦੀ ਸਮਾਪਤੀ ਤੇ ਨਵਾਬ ਨੇ, ਨਮਾਜ਼ ਨਾ ਪੜ੍ਹਨ ਦਾ ਕਾਰਨ ਪੁਛਿਆ। ਤਾਂ ਫ਼ੁਰਮਾਨ ਹੋਇਆ ਕਿ ਨਿਰਾ ਜ਼ੁਬਾਨ ਨਾਲਉਚਾਰਨ ਕਰਨਾ ਅਤੇਕੇਵਲ ਸਰੀਰਦੀਆਂ ਹਰਕਤਾਂ ਹੀ ਨਿਮਾਜ ਨਹੀਂ ਹਨ। ਨਮਾਜ਼ ਮਨ ਕਰਕੇ ਰੱਬ ਅਗੇ ਝੁਕਣ ਨਾਲ ਹੁੰਦੀ ਹੈ। ਗੁਰੂ ਜੀ ਨੇ ਨਵਾਬ ਨੂੰ ਦਸਿਆ ਕਿ ਤੇਰਾ ਮਨ ਤਾਂ ਕਾਬਲ ਵਿਚ ਘੋੜੇ ਖਰੀਦਣ ਵਿਚ ਲੱਗਾ ਹੋਇਆ ਸੀ। ਤੇ ਕਾਜ਼ੀ ਨੂੰ ਕਿਹਾ ਕਿ ਤੂੰ ਆਪਣੀ ਘੋੜੀ ਦੀ ਵਛੇਰੀ ਬਾਰੇ ਸੋਚ ਰਿਹਾ ਸੀ ਕਿ ਉਹ ਘਰ ਦੇ ਇਹਾਤੇ ਵਿਚਲੇ ਖੂਹ ਵਿਚ ਨਾ ਡਿਗ ਪਵੇ। ਇਹ ਗੱਲ ਸੁਣ ਕੇ ਨਵਾਬ ਗੁਰੂ ਜੀ ਦੇ ਚਰਨਾਂ ਤੇ ਢੱਠਾ ਤੇ ਮੁਰੀਦ ਬਣਿਆ।

ਇਥੇ ਸ੍ਰੀ ਗੁਰੂ ਨਾਨਕ-ਸੰਦੇਸ਼ ਦੇ ਦੋਵੇਂ ਭਾਵ ਸਪੱਸ਼ਟ ਹੋ ਗਏ। ਪਹਿਲਾ ਤੇ ਇਹ ਕਿ ਹਿੰਦੂ-ਮੁਸਲਮਾਨ ਦਾ ਵਿਤਕਰਾ ਗ਼ਲਤ ਹੈ, ਦੂਜਾ ਇਹ ਕਿ ਧਰਮ ਦੀ ਪਕੜ ਮਨ ਨੂੰ ਮਨ ਕਰ ਕੇ ਹੋਣੀ ਚਾਹੀਦੀ ਹੈ, ਤਦੇ ਬੰਦਾ ਧਰਮੀ ਹੈ। ਨਿਰਾ ਬਾਹਰਮੁਖੀ ਧਰਮ ਕੇਵਲ ਦਿਖਾਵਾ ਤੇ ਪਖੰਡ ਹੈ।

ਜਲ-ਸਮਾਧੀ ਵਿਚੋਂ ਪ੍ਰਾਪਤ ਹੋਇਆ ਰੱਬੀ ਸੰਦੇਸ਼ ਸੰਸਾਰ ਦੇ ਕੋਨੇ ਕੋਨੇ ਤਕ ਪਹੁੰਚਾਣ ਲਈ ਗੁਰੂ ਨਾਨਕ ਸਾਹਿਬ ਨੇ ਕਰੀਬਨ ਚਵ੍ਹੀ (੨੪) ਸਾਲ ਲਾਏ। ਇਨ੍ਹਾਂ ਪੱਗ-ਯਾਤਰਾਵਾਂ ਵਿਚ ਮਰਦਾਨਾ ਮੁਸਲਮਾਨ ਅਤੇ ਸਮੇਂ ਸਮੇਂ ਸੈਦੋ ਤੇ ਘੇਬੋ ਜਟਾਂ, ਹੱਸੂ ਖਾਤੀ ਤੇ ਸੀਹੋਂ ਛੀਂਬੇ ਨੂੰ ਆਪਣਾ ਸਾਥੀ ਬਣਾਇਆ ਅਤੇ ਸਭ ਨੂੰ ਨਾਮ ਦੀ ਦਾਤਿ ਬਖਸ਼ ਕੇ ਪ੍ਰਭੂ ਨਾਲ ਜੋੜ ਕੇ ਉਚਿਆਂ ਕੀਤੀ। ਆਪ ਖਤਰੀ ਕੁਲ ਵਿਚ ਪਰਗਟ ਹੋਏ, ਪਰ ਸਾਥੀ ਨੀਚ ਜਾਤੀਆਂ ਨੂੰ ਬਣਾਇਆ। ਆਪ ਇਨ੍ਹਾਂ ਦੇ ਨਾਲ ਬੈਠੇ, ਇਨ੍ਹਾਂ ਦੇ ਨਾਲ ਇਕੋ ਪੰਗਤ ਵਿਚ ਖਾਧਾ, ਇਨ੍ਹਾਂ ਦੇ ਨਾਲ ਕੀਰਤਨ ਵਿਚ ਜੁੜੇ ਅਤੇ ਅਮਲੀ ਸਬੂਤ ਦਿਤਾ ਇਸ ਅਸੂਲ ਦਾ ਕਿ—

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥

[ਸਿਰੀਰਾਗੁ ਮ: ੧, ਪੰਨਾ ੧੫

ਗੁਰਦੇਵ ਜੀ ਨੇ ਸਾਰੇ ਜਗਤ ਵਿਚਵਿਚਰਕੇ "ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ" ਦੇ ਵਾਕ ਅਨੁਸਾਰ ਮਨੁੱਖ ਮਾਤਰ ਦੀ ਜਨਮ-ਜਾਤਿ ਕਰਕੇ ਸਮਾਨਤਾ ਤੇ ਸਤਯ-ਧਰਮ ਦਾ ਉਪਦੇਸ਼ ਦਿਤਾ। ਪੂਰਬ ਵਲ ਆਪ ਜੀ ਯੂ. ਪੀ. ਬਿਹਾਰ, ਆਸਾਮ ਤੇ ਬੰਗਾਲ ਤਕ ਗਏ। ਦਖਣ ਵਿਚ ਆਪ ਜੀ ਸੰਗਲਾਦੀਪ ਤਕ ਗਏ। ਪਛਮ ਵਲ ਅਫਗਾਨਿਸਤਾਨ,


www.AKJ.Org

ਅਰਬ, ਬਗਦਾਦ, ਈਰਾਕ, ਤੁਰਕਿਸਤਾਨ (Turkey), ਮਿਸਰ (Egypt), ਸੁਡਾਨ ਤੇ ਯੇਰੋਸ਼ਲਮ (Jeruselam) ਤਕ ਪਹੁੰਚੇ। ਉਤਰ ਵਿਚ ਆਪ ਜੀ ਦੇ ਚਰਨ ਕਸ਼ਮੀਰ, ਮਾਨਸਰੋਵਰ, ਤਿਬਤ, ਭੂਟਾਨ ਤੇ ਚੀਨ ਵਿਚ ਪਏ। ਚੀਨ ਦਾ ਵਡਾ ਸ਼ਹਿਰ ਨਾਨਕਿੰਗ ਗੁਰੂ ਸਾਹਿਬ ਦੇ ਨਾਂ ਤੇ ਵਸਿਆ ਦਸਿਆ ਜਾਂਦਾ ਹੈ। ਇਨ੍ਹਾਂ ਪ੍ਰਚਾਰ-ਦੌਰਿਆਂ ਵਿਚ ਆਪ ਜੀ ਸਾਧਾਰਨ ਬੰਦਿਆਂ ਨੂੰ ਮਿਲੇ; ਵਿਦਵਾਨਾਂ ਨਾਲ ਸ਼ਾਸਤ੍ਰਾਰਥ ਕੀਤੇ; ਪੀਰਾਂ, ਸਿਧਾਂ ਤੇ ਵਲੀਆਂ ਨਾਲ ਗਿਆਨ-ਗੋਸ਼ਟੀਆਂ ਕੀਤੀਆਂ; ਠੱਗਾਂ; ਤੇ ਆਦਮਖੋਰਾਂ ਨੂੰ ਧਰਮ ਦਾ ਰਾਹ ਦਸਿਆ। ਨਿਤਾਣਿਆਂ ਤੇ ਗਰੀਬਾਂ ਨੂੰ ਨਿਵਾਜਿਆ। ਹੁਕਮਰਾਨਾਂ ਤੇ ਜਾਬਰਾਂ ਨੂੰ ਨਰਮ ਕੀਤਾ। ਇਸ ਤਰ੍ਹਾਂ ਸੜਦੇ ਬਲਦੇ ਸੰਸਾਰ ਨੂੰ "ਖੁਨਕ ਨਾਮੁ ਖੁਦਾਇਆ" ਦੀ ਠੰਢਕ ਪਹੁੰਚਾਈ। ਅਜ ਦੀ ਅਸ਼ਾਂਤ ਸਥਿਤੀ ਵਿਚ ਜਿਥੇ ਮਨੁੱਖ ਈਰਖਾ, ਦਵੈਖ, ਸੰਪਰਦਾਈ, ਨਸਲੀ ਤੇ ਕੌਮੀ ਨਫਰਤਾਂ ਨਾਲ ਸੜ ਰਿਹਾ ਹੈ, ਲੁਟ-ਖਸੁਟ ਤੇ ਐਟਮੀ ਜੰਗਾਂ ਦੇ ਸਹਿਮ ਥਲੇ ਦਬ ਰਿਹਾ ਹੈ, ਗੁਰੂ ਨਾਨਕ ਦੀ ਜਲ-ਸਮਾਧੀ ਦਾ ਅੰਮ੍ਰਿਤ-ਜਲ ਹੀ ਕੇਵਲ ਸਾਰੇ ਸੰਸਾਰ ਦੀ ਤਪਤ ਬੁਝਾ ਸਕਦਾ ਹੈ, ਜੋ ਗੁਰਦੇਵ ਦੇ ਇਨ੍ਹਾਂ ਸ਼ਬਦਾਂ ਵਿਚ ਛੁਪਿਆ ਹੋਇਆ ਹੈ : "ਨਾ ਕੋ ਹਿੰਦੂ ਨਾ ਮੁਸਲਮਾਨ।"

---

# ਕਲ਼ਗੀਧਰ ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ

[ਵਲੋਂ:—ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਕ (ਗੁੜਗਾਉਂ)]

ਕਲਗੀ ਵਾਲਿਆ ਤੇਰਾ ਨਾ ਕੋਈ ਸਾਨੀ, ਵਰਕੇ ਡਿੱਠੇ ਇਤਿਹਾਸ ਦੇ ਫੋਲ ਕੇ ਮੈਂ।
ਵਲੀ ਪੀਰ ਲੱਖਾਂ ਰਹਿਬਰ ਆਏ ਜਗ ਤੇ, ਗ੍ਰੰਥ ਸਾਰਿਆਂ ਦੇ ਡਿੱਠੇ ਖੋਲ੍ਹ ਕੇ ਮੈਂ।
ਆਲਮ ਮਿਲੇ ਵਖੋ ਵਖ ਫਿਰਕਿਆਂ ਦੇ, ਕਈਆਂ ਆਮਲਾਂ ਨੂੰ ਮਿਲਿਆ ਟੋਲ ਕੇ ਮੈਂ।
ਤੇਰਾ ਸਾਨੀ ਨਾ ਕਿਤੇ ਵੀ ਹੋਇਆ ਡਿੱਠਾ, ਸਾਰੇ ਜੱਗ ਨੂੰ ਦਸਾਂ ਇਹ ਬੋਲ ਕੇ ਮੈਂ।੧।

ਤੇਰੇ ਜੀਵਨ ਤੇ ਜਦੋਂ ਮੈਂ ਨਜ਼ਰ ਮਾਰਾਂ, ਲੀਲ੍ਹਾ ਤੇਰੀ ਮੈਂ ਅਪਰੰਪਾਰ ਤੱਕਾਂ।
ਕਿਤੇ ਸੋਹਣੇ ਸ਼ਾਹੀ ਠਾਠ ਬਾਠ ਤੱਕਾਂ, ਲੱਗੇ ਧਾਰਮਿਕ ਕਿਤੇ ਦਰਬਾਰ ਤੱਕਾਂ।
ਕਿਤੇ ਹੁੰਦੇ ਘਮਸਾਨ ਦੇ ਯੁੱਧ ਵੇਖਾਂ, ਰਣ ਵਿਚ ਸੂਰਮੇ ਬੇਸ਼ੁਮਾਰ ਤੱਕਾਂ।
ਕਿਤੇ ਲੱਖਾਂ ਦੀ ਕਰਦਾ ਕਮਾਨ ਦੇਖਾਂ, ਕਿਤੇ ਕਲ੍ਹਿਆਂ ਸੋਹਣੀ ਸਰਕਾਰ ਤੱਕਾਂ।੨।

ਕਿਤੇ ਮਹਿਲ ਸ਼ਾਹੀ ਬਿਸਤਰ ਮਖ਼ਮਲਾਂ ਦੇ, ਜਾਮਾ ਕਿਤੇ ਤੇਰਾ ਲੀਰੋ ਲੀਰ ਵੇਖਾਂ।
ਕਿਤੇ ਨੀਲੇ ਸ਼ਾਹ ਦਾ ਸਵਾਰ, ਕਿਧਰੇ ਸਿੰਮਦਾ ਚਰਨਾਂ ਚੋਂ ਲਹੂ ਦਸਤਗੀਰ ਵੇਖਾਂ।
ਕਿਤੇ ਤਾਜ ਕਲਗੀ ਹੱਥ ਤੇ ਬਾਜ਼ ਸੋਹੇ, ਬਣਿਆ ਕਦੇ ਤੈਨੂੰ ਉੱਚ-ਪੀਰ ਵੇਖਾਂ।
ਤੇਰੀ ਜ਼ਿੰਦਗੀ ਦਾ ਸੋਹਣਾ ਬਾਬ ਲਿਖਿਆ, ਤਵਾਰੀਖ਼ ਅੰਦਰ ਬੇ-ਨਜ਼ੀਰ ਵੇਖਾਂ।੩।

ਨਾਮ ਲੈਂਦਿਆਂ ਤੇਰਾ ਸਤਿਕਾਰ ਅੰਦਰ, ਸੀਸ ਆਪਣੇ ਆਪ ਹੀ ਝੁਕਦੇ ਨੇ।
ਟੁਰਿਆਂ ਤੇਰੇ ਆਦਰਸ਼ ਤੇ ਪ੍ਰੀਤਮਾ ਵੇ, ਝੇੜੇ ਸਾਰੇ ਸੰਸਾਰ ਦੇ ਮੁੱਕਦੇ ਨੇ।
ਦਾਤਾ! ਤੇਰੀ ਵਿਚਾਰ ਕੇ ਰਾਜਨੀਤੀ, ਨੀਤੀਵਾਨ ਜਗ ਦੇ ਉਂਗਲਾਂ ਟੁੱਕਦੇ ਨੇ।
ਲੋਹਾ ਮੰਨਦੇ ਨੇ ਤੇਰੀ ਬੀਰਤਾ ਦਾ, ਵੈਰੀ ਕਰਦੇ ਤਾਰੀਫ਼ ਨਾ ਉੱਕਦੇ ਨੇ।੪।

ਤੇਰੇ ਜਿਹਾ ਹੋਇਆ ਕੋਈ ਵੇਖਿਆ ਨਹੀਂ, ਸਾਹਿਤਕਾਰ ਵੀ ਏਸ ਜਹਾਨ ਉਤੇ।
ਤੇਰੀ ਕਲਮ ਨੇ ਹੀਰੇ ਜਵਾਹਰ ਉਗਲੇ, ਬੈਠੀ ਸਾਰਦਾ ਤੇਰੀ ਜ਼ਬਾਨ ਉਤੇ।
ਬਖ਼ਸ਼ਸ਼ ਕਰ ਗਈ ਤੇਰੀ ਇਕ ਨੈਣ-ਤਕਣੀ, ਨੰਦ ਲਾਲ ਜਿਹੇ ਕਵੀ ਮਹਾਨ ਉਤੇ।
ਸੱਚ ਆਖਣਾ ਵਾਂ ਤੇਰੀ ਚਰਨ-ਰਜ ਦੇ, ਤਾਰੇ ਬਣੇ ਚਮਕਣ ਆਸਮਾਨ ਉਤੇ।੫।

ਚੋਜੀ ਪ੍ਰੀਤਮਾ ਦਾਤਿਆ ਧਨੁਸ਼ ਧਾਰੀ! ਤੇਰੇ ਤੀਰ ਕਮਾਨ ਤੋਂ ਜਾਂ ਸਦਕੇ।
ਸ਼ੋਭਾ ਦੇਂਦੀ ਏ ਜੋ ਤੇਰੇ ਗਾਤਰੇ ਵਿਚ, ਉਸ ਸੋਹਣੀ ਕਿਰਪਾਨ ਤੋਂ ਜਾਂ ਸਦਕੇ।
ਚਿੱਟੇ ਬਾਜ਼ ਤੇਰੇ ਤੋਂ ਮੈਂ ਜਿੰਦ ਵਾਰਾਂ, 'ਮਿਤਰ' ਨੀਲੇ ਦੀ ਸ਼ਾਨ ਤੋਂ ਜਾਂ ਸਦਕੇ।
ਜਿਹੜੇ ਸਾਜਿਆ ਖ਼ਾਲਸਾ ਪੰਥ ਕੀਤਾ ਉਸ ਬਸੰਤੀ ਨਿਸ਼ਾਨ ਤੋਂ ਜਾਂ ਸਦਕੇ।੬।

www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ—(੧੬)

[ਵਲੋਂ—ਕੈਪਟਿਨ ਸਵਰਨ ਸਿੰਘ ਜੀ ਘੜਿਆਲਾ]

## ਸਰਹੰਦ ਇਲਾਕੇ ਦੀ ਮਿਸਲਵਾਰ ਵੰਡ

(ਪਿਛੋਂ ਤੋਂ ਅੱਗੇ)

### (੫) ਸੁਧਾ ਸਿੰਘ ਬਾਜਵਾ ਨਿਸ਼ਾਨ ਵਾਲਾ—

ਸੁਧਾ ਸਿੰਘ ਬਾਜਵਾ ਆਪਣੇ ਸਮੇਂ ਦਾ ਇਕ ਉਘਾ ਤੇਗ-ਜ਼ਨ (ਤੇਗ ਦਾ ਧਨੀ) ਤੇ ਵੀਰ ਯੋਧਾ ਹੋਇਆ ਹੈ। ਇਸ ਨੇ ਮਾਛੀਵਾੜੇ ਅਤੇ ਉਤਲਾਨ ਪਰਗਣੇ ਦੇ ਪੂਰਬੀ ਹਿਸੇ ਤੇ ਕਬਜ਼ਾ ਕਰ ਕੇ ਅਧਿਕਾਰ ਜਮਾ ਲਿਆ।†

### (੬) ਸ: ਧਰਮ ਸਿੰਘ—

ਸ: ਧਰਮ ਸਿੰਘ ਪ੍ਰਸਿਧ ਜੰਗੀ ਸੂਰਮਾ, ਮੁਗਲਾਂ ਤੇ ਦੁਰਾਨੀਆਂ ਦੇ ਭਾ ਦੀ ਕਿਆਮਤ, ਜਿਸ ਦੇ ਨਾਉਂ ਦੇ ਚਰਚੇ ਸਦਾ ਵੈਰੀ ਦੀ ਫੌਜ ਵਿਚ ਹੁੰਦੇ ਸਨ ਤੇ ਜੋ ਰਣ ਵਿਚ ਥਲਕਾ ਮਚਾ ਦਿਆ ਕਰਦਾ ਸੀ। ਉਹ ਸ: ਤਾਰਾ ਸਿੰਘ "ਗੈਬਾ" ਰਾਹੋਂ ਵਾਲੇ ਦਾ ਭਤੀਜਾ ਸੀ। ਇਹ ਸਿਰਲਥ ਲੜਾਕਾ ਸੀ ਤੇ ਇਸ ਨੇ ਲੜਾਈਆਂ ਵਿਚ ਚੰਗਾ ਨਾਮਣਾ ਖੱਟਿਆ ਸੀ। ਇਸ ਨੇ ਪਿੰਡਾਂ ਦੇ ਪਿੰਡ ਕਬਜ਼ੇ ਕਰ ਕੇ, ਇਨ੍ਹਾਂ ਦੇ ਵਿਚਕਾਰ ਕੇਂਦਰੀ ਪਿੰਡ ਧਰਮ ਸਿੰਘ ਵਾਲਾ ਆਬਾਦ ਕਰ ਕੇ ਉਥੇ ਰਹਿਣਾ ਸ਼ੁਰੂ ਕਰ ਦਿਤਾ। ਇਹ ਇਸ ਦਾ ਹੈਡ ਕੁਆਰਟਰ ਸੀ। ਇਸ ਦਾ ਖ਼ਾਨਦਾਨ ਅਜੇ ਵੀ ਏਥੇ ਆਬਾਦ ਹੈ।*

### (੭) ਰਾਏ ਸਿੰਘ ਕਰੋੜਾ ਸਿੰਘੀਆ—

ਇਹ ਕਰੋੜਾ ਸਿੰਘੀਆ ਮਿਸਲ ਦਾ ਬੜਾ ਉਘਾ ਜੰਗੀ ਸਰਦਾਰ ਸੀ। ਸ: ਰਾਏ ਸਿੰਘ ਖਾਲਸਾ ਪੰਥ ਦੇ ਮਹਾਨ ਧਰਮ ਬੀਰ ਤੇ ਸਿਰਲਥ ਸੂਰਮੇ ਸ: ਮਹਿਤਾਬ ਸਿੰਘ ਮੀਰਾ ਕੋਟ ਵਾਲੇ ਦਾ ਸਪੁਤਰ ਸੀ। ਸ: ਮਹਿਤਾਬ ਸਿੰਘ ਨੇ ਮੰਡਿਆਲੇ ਦੇ ਮੱਸਾ ਰੰਘੜ ਨੂੰ, ਜੋ ਸ੍ਰੀ ਅੰਮ੍ਰਿਤਸਰ ਦਾ ਮਾਲ-ਗੁਜ਼ਾਰ ਸੀ ਤੇ ਜਿਸ ਨੇ ਜ਼ਕਰੀਆ ਖ਼ਾਨ ਦੇ ਹੁਕਮ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਦਿਨ ਦੀਵੀਂ ਬੜੀ ਦਲੇਰੀ ਨਾਲ ਫੌਜ ਵਿਚ ਦੀ ਲੰਘ ਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਪਲੰਘ ਤੇ ਬੈਠੇ ਅਤੇ ਨਾਚ-ਮੁਜਰਾ ਵੇਖਦੇ ਨੂੰ ਝਟਕਾ ਸੁਟਿਆ ਸੀ। ਕਰੜੇ ਫ਼ੌਜੀ ਪਹਿਰਿਆਂ ਵਿਚ-ਦੀ ਸਿਰ ਲੈ ਕੇ ਮਹਿਤਾਬ ਸਿੰਘ ਤੇ ਸੁਖਾ ਸਿੰਘ ਮਾੜੀ ਕੰਬੋਕੇ ਲੜਦੇ ਭਿੜਦੇ ਬੀਕਾਨੇਰ ਬੁਢੇ ਜੋਹੜ ਜਾ ਪਹੁੰਚੇ ਸਨ। ਮੱਸੇ ਰੰਘੜ ਦੇ ਕਤਲ ਤੋਂ ਪਿਛੋਂ ਜਦ ਉਸ ਦੇ ਭਰਾ-ਭਾਈ ਤੇ ਮੁਲਖਈਆ ਸ਼ਾਹੀ ਫੌਜ ਨਾਲ ਰਲ ਕੇ ਮੀਰਾਂ ਕੋਟ ਵਲ ਨੂੰ ਲੁੜੀ ਪਾਉਂਦੇ ਆਏ ਸਨ ਤਾਂ ਰਾਏ ਸਿੰਘ ਕੁਝ ਸਾਲਾਂ ਦਾ ਸੀ ਤੇ ਸ: ਮਹਿਤਾਬ ਸਿੰਘ ਦਾ ਧਰਮ ਭਰਾ ਨੱਥਾ ਮਹਿਰ ਉਸ ਨੂੰ ਪਾਲ ਰਿਹਾ ਸੀ। ਫੌਜ ਨੇ ਆ ਕੇ ਇਹ ਮੁੰਡਾ ਮੰਗਿਆ। ਪਰ ਨੱਥੇ ਸਾਫ਼ ਇਨਕਾਰ ਕਰ ਦਿਤਾ। ਰਾਏ ਸਿੰਘ ਨੂੰ ਬਚਾਉਣ ਲਈ ਉਸ ਨੂੰ ਲੈ ਕੇ ਉਠ ਭਜਾ। ਪਿੰਡੋਂ ਦੁਰਾਡਾ ਨਿਕਲ ਗਿਆ ਸੀ ਕਿ ਫੌਜ ਨੇ ਜਾ ਘੇਰਿਆ। ਨਥਾ ਲੜਦਾ ਸੂਰਮਿਆਂ ਦੀ ਮੌਤ ਮਰ ਗਿਆ। ਰਾਏ ਸਿੰਘ ਨੂੰ ਗਰਦਨ ਤੇ ਕਾਰੀ ਜ਼ਖ਼ਮ ਲਗਾ। ਆਪਣੇ ਵਲੋਂ ਬਦਲੇ ਵਜੋਂ ਮਾਰ ਕੇ ਸੁਟ ਗਏ ਸਨ, ਪਰ ਕੁਦਰਤ

---

† ਲੁਧਿਆਣਾ ਸੈਟਲਮੈਂਟ ਰਿਪੋਰਟ ੧੮੭੮, ਸਫ਼ਾ ੨੭ ਅਤੇ ਲੁਧਿਆਣਾ ਗਜ਼ਟੀਅਰ, ੧੮੮੮, ੮੯, ਸਫ਼ਾ ੨੪

* ਚੀਫ਼ਸ ਐਂਡ ਫ਼ੈਮਿਲੀਜ਼ ਆਫ਼ ਨੋਟ, ਸਫ਼ਾ ੨੮੦_੮੨



www.AKJ.Org

ਨੂੰ ਇਹ ਮਨਜ਼ੂਰ ਨਹੀਂ ਸੀ। ਸੋ ਬਚ ਗਿਆ। ਸ: ਰਾਏ ਸਿੰਘ ਦਾ ਸੰਬੰਧ ਕਰੋੜਾ ਸਿੰਘੀਆ ਮਿਸਲ ਨਾਲ ਸੀ। ਇਸ ਦੇ ਨਿਡਰਤਾ ਤੇ ਦਲੇਰੀ ਭਰੇ ਕਾਰਨਾਮਿਆਂ ਨੇ ਇਸਦੇ ਜਥੇਦਾਰ ਸ: ਸ਼ਾਮ ਸਿੰਘ ਦਾ ਮਨ ਮੋਹ ਲਿਆ ਸੀ। ਉਹ ਇਸ ਨਾਲ ਏਨਾ ਖੁਸ਼ ਸਨ ਕਿ ਆਪਣੀ ਸਪੁਤਰੀ ਦੀ ਸ਼ਾਦੀ ਸ: ਰਾਏ ਸਿੰਘ ਨਾਲ ਕਰ ਦਿਤੀ ਸੀ। ਸ: ਰਾਏ ਸਿੰਘ ਸ: ਸ਼ਾਮ ਸਿੰਘ ਨਾਲ ਘਲੂਘਾਰੇ ਵਿਚ ਸ਼ਾਮਲ ਸਨ ਤੇ ਬੁਰੀ ਤਰ੍ਹਾਂ ਘਾਇਲ ਹੋਏ ਸਨ। ਪਿਛੋਂ ਮਲੇਰ ਕੋਟਲਾ, ਸਰਹੰਦ ਦੀ ਸੁਧਾਈ, ਦੀਵਾਲੀ (੧੭੬੨ ਈ:) ਨੂੰ ਜਿਸ ਸਮੇਂ ਅਹਿਮਦਸ਼ਾਹ ਅਬਦਾਲੀ ਨੂੰ ਬੜੀ ਤਕੜੀ ਭਾਂਜ ਦਿਤੀ ਗਈ, ਸ਼ਾਮਲ ਸਨ। ਮੁਰਿੰਡੇ, ਸਹੇੜੀ, ਕੁਰਾਲੀ ਦੀਆਂ ਲੜਾਈਆਂ ਵਿਚ ਵੀ ਬਰਾਬਰ ਸ਼ਾਮਲ ਸਨ। ਇਸਨੇ ਜ਼ਿਲਾ ਲੁਧਿਆਣਾ ਦੀ ਤਸੀਲ ਸਮਰਾਲਾ ਦੇ ਬਹੁਤ ਸਾਰੇ ਪਿੰਡ ਆਪਣੇ ਅਧਿਕਾਰ ਵਿਚ ਕਰ ਲਏ। ਉਸ ਦੀ ਔਲਾਦ ਜੋ ਭੰਗੂ ਅਖਵਾਉਂਦੀ ਹੈ, ਅਜੇ ਵੀ ਏਥੇ ਹੀ ਵਸਦੀ ਹੈ। ਭਾਰੀ ਤੇ ਕੋਟਲਾ ਬਾਦਲਾ ਭੰਗੂਆਂ ਦੇ ਉਘੇ ਪਿੰਡ ਹਨ। (ਸ: ਮਹਿਤਾਬ ਸਿੰਘ ਭੰਗੂ ਗੋਤ ਦੇ ਜੱਟ ਸਨ) ਸ: ਰਤਨ ਸਿੰਘ ਜੀ ਭੰਗੂ, ਮਹਾਨ ਵਿਦਵਾਨ ਤੇ ਪ੍ਰਸਿਧ ਪ੍ਰਾਚੀਨ ਪੰਥ ਪ੍ਰਕਾਸ਼ ਦੇ ਲਿਖਾਰੀ ਸ: ਰਾਏ ਸਿੰਘ ਜੀ ਦੇ ਸਪੁੱਤਰ ਸਨ।†

[ਸ: ਰਤਨ ਸਿੰਘ ਜੀ ਭੰਗੂ ਦੇ ਮਾਤਾ ਜੀ, ਦਾਦੀ ਜੀ, ਪਿਤਾ ਜੀ, ਨਾਨਾ ਜੀ, ਭਾਵ ਸ: ਸ਼ਾਮ ਸਿੰਘ ਦਾ ਸਾਰਾ ਹੀ ਟੱਬਰ ਬੜੀ ਵਡੀ ਜਦੋ ਜਹਿਦ ਵਿਚ ਦੀ ਲੰਘਿਆ ਸੀ। ਉਨ੍ਹਾਂ ਦੇ ਪਿਤਾ ਜੀ ਤੇ ਨਾਨਾ ਜੀ ਤਾਂ ਪੰਥ ਦੀਆਂ ਸਾਰੀਆਂ ਲੜਾਈਆਂ ਵਿਚ ਸ਼ਾਮਲ ਰਹੇ ਸਨ। ਪੰਥ ਪ੍ਰਕਾਸ਼ ਲਿਖਿਆ ਹੀ ਇਨ੍ਹਾਂ ਤੋਂ ਜ਼ਬਾਨੀ ਸੁਣੇ ਹੋਏ ਹਾਲਾਤ ਦੇ ਅਧਾਰ ਤੇ ਹੈ। ਇਸ ਬਹੁਮੁਲੀ ਪੁਸਤਕ ਦਾ ਬਹੁਤਾ ਹਿਸਾ ਉਨ੍ਹਾਂ ਦੇ ਖਾਨਦਾਨ ਨਾਲ ਸਬੰਧਤ ਹੈ, ਪਰ ਹਰ ਪਖੋਂ ਇਹ ਸਭ ਤੋਂ ਜ਼ਿਆਦਾ ਪ੍ਰਮਾਣੀਕ ਤੇ ਭਰੋਸੇ ਯੋਗ ਪੁਸਤਕ ਹੈ।]

† ਚੀਫਸ ਐਂਡ ਫੈਮਲੀਜ਼ ਆਫ ਨੋਟ, ਸਫਾ ੨੬੨-੬੩

## (੮) ਸੁਜਾਨ ਸਿੰਘ ਡਲੇਵਾਲੀਆ–

ਜ਼ਿਲਾ ਅੰਮ੍ਰਿਤਸਰ ਵਿਚ ਪਿੰਡ ਧਿਆਨਪੁਰ ਹੈ। ਏਥੋਂ ਦਾ ਇਕ ਤਕੜਾ ਜੱਟ ਸ: ਅਮਰੀਕ ਸਿੰਘ ਵੜੈਚ(ਬੜੈਚ) ਸੀ। ਇਸਦੇ ਤਿੰਨ ਪੁੱਤਰ ਸਨ: ਸੁਜਾਨ ਸਿੰਘ, ਮਾਨ ਸਿੰਘ ਅਤੇ ਦਾਨ ਸਿੰਘ। ਪਿਛੋਂ ਇਹ ਧਿਆਨਪੁਰ ਛੱਡ ਕੇ ਪਿੰਡ ਕੰਗ ਵਿਖੇ ਆਣ ਵੱਸੇ ਸਨ। ਇਹ ਤਿੰਨੇ ਭਰਾ ਡਲੇਵਾਲੀਆ ਮਿਸਲ ਨਾਲ ਤੁਅੱਲਕ ਰਖਦੇ ਸਨ ਤੇ ਬੜੇ ਹੀ ਖਾੜਕੂ ਸਨ। ਇਨ੍ਹਾਂ ਵੀ ਚੰਗੇ ਹੱਥ ਮਾਰੇ ਸਨ। ਸਤਲੁਜ ਦੇ ਦਖਣ ਵਿਚ ਧਰਮਕੋਟ ਤੇ ਤਿਹਾੜੇ ਦੇ ਪਰਗਣੇ ਇਨ੍ਹਾਂ ਆਪਣੀ ਮੇਰ ਵਿਚ ਕਰ ਲਏ। ਅੱਜ ਤਕ ਸੁਜਾਨ ਸਿੰਘ ਤੇ ਦਾਨ ਸਿੰਘ ਦੀ ਅੰਸ ਪਾਸ ਸ਼ਾਹਕੋਟ ਦੀ ਜਾਗੀਰ, ਤੇ ਮਾਨ ਸਿੰਘ ਦੀ ਆਲ-ਔਲਾਦ ਪਾਸ ਧੌਂਦੋਵਾਲ ਦੀ ਜਾਗੀਰ ਚਲੀ ਆ ਰਹੀ ਹੈ।‡

## (੯) ਹਰੀ ਸਿੰਘ ਡਲੇਵਾਲੀਆ–

ਸ: ਹਰੀ ਸਿੰਘ ਵਿਰਕ (ਬਿਰਕ) ਗੋਤ੍ਰ ਦਾ ਜੱਟ ਕਸੂਰ ਦੇ ਲਾਗੇ ਪਿੰਡ ਕਾਲੇਕੇ ਦੇ ਰਹਿਣ ਵਾਲਾ ਸੀ। ਬੜਾ ਖੂਬਸੂਰਤ, ਲੰਮਾ, ਉਚਾ ਤੇ ਭਰਵਾਂ ਜਵਾਨ ਸੀ। ਹਰ ਵੇਲੇ ਦਾ ਰਣ ਤੱਤਾ, ਨਕਾਰਿਆਂ ਦੀ ਗੂੰਜ ਤੇ ਘੋੜੇ ਦੀ ਪਿਠ ਉਸ ਲਈ ਅਤਿ ਸੁਖਾਵਾਂ ਸਮਾਂ ਹੁੰਦਾ ਸੀ। ਇਹ ਡੱਲੇਵਾਲੀਆ ਮਿਸਲ ਦਾ ਇਕ ਬਹੁਤ ਹੀ ਪ੍ਰਸਿਧ ਸਰਦਾਰ ਸੀ। ਇਸ ਨੇ ਰੋਪੜ, ਸਿਆਲਬਾ, ਕੁਰਾਲੀ, ਸੀਸਵਾਨ ਤੇ ਅਵਾਨ ਕੋਟ ਜਾ ਕਬਜ਼ੇ ਕੀਤੇ ਸਨ। ਪਿਛੋਂ ਇਸ ਨੇ ਚੌਧਰੀ ਟੇਕ ਚੰਦ ਦਾ ਖਿਜ਼ਰਾਬਾਦ ਦੇ ਮੁਕਾਮ ਤੇ ਬਣਾਇਆ ਹੋਇਆ ਕਿਲ੍ਹਾ ਵੀ ਸਰ ਕਰ ਲਿਆ ਸੀ।†

‡ ਚੀਫਸ ਐਂਡ ਫੈਮਿਲੀਜ਼ ਆਫ ਨੋਟ, ਸਫਾ੩੦੬-੦੭

† ਖੁਸ਼ਵਕਤ ਰਾਏ—ਕਿਤਾਬ-ਏ-ਤਾਰੀਖ਼ ੲ ਪੰਜਾਬ, (ਹਥ ਲਿਖਤ) ਸਫ਼ਾ ੧੮੭; ਮੁਫਤੀ ਅਲੀਉੱਦੀਨ ਇਬਰਤਨਾਮਾ—ਸਫ਼ਾ ੧੨੬ ਓ; ਸਰੂਪ ਲਾਲ—ਤਾਰੀਖ ਏ ਸਿਖਾਂ; ਸਫਾ ੩੨—੩੫; ਸਰੂਪ ਲਾਲ—ਦਸਤੂਰ ਉਲ ਅਮਲ ਮੁਲਕ-ੲ ਮਹਿਫੂਜ਼, ਸਫਾ ੯੬; ਜਲੰਧਰ ਸੇਟਲਮੈਂਟ ਰਿਪੋਰਟ ੧੮੯੨, ਸਫ਼ਾ ੩੭, ੩੮।

www.AKJ.Org

## (੧੦) ਕੌਰ ਸਿੰਘ ਡਲੇਵਾਲੀਆ--

ਕੌਰ ਸਿੰਘ ਤੇ ਧਰਮ ਸਿੰਘ ਸ: ਤਾਰਾ ਸਿੰਘ ਗੈਬੇ ਦ ਭਤੀਜੇ ਸਨ । ਇਹ ਡੱਲੇਵਾਲੀਆ ਮਿਸਲ ਨਾਲ ਸਬੰਧ ਰਖਦੇ ਸਨ ਤੇ ਕੰਗ ਪਿੰਡ ਦੇ ਰਹਿਣ ਵਾਲੇ ਸਨ। ਕੌਰ ਸਿੰਘ ਨੇ ਵੇਲਾ ਸੰਭਾਲਿਆ ਤੇ ਹਿੰਮਤ ਕਰ ਕੇ ਕੰਗ ਦੇ ਆਲੇ ਦੁਆਲੇ ਦਿਆਂ ਪਿੰਡਾਂ ਨੂੰ ਕਾਬੂ ਕਰ ਕੇ ਸਾਂਭ ਲਿਆ। ਲੋਹੀਆਂ ਦਾ ਇਲਾਕਾ ਧਰਮ ਸਿੰਘ ਦੇ ਹਿੱਸੇ ਆਇਆ। ਕੌਰ ਸਿੰਘ ਦੀ ਔਲਾਦ ਅਜੇ ਵੀ ਕੰਗ ਦੀ ਮਾਲਕ ਚਲੀ ਆ ਰਹੀ ਹੈ।†

## (੧੧) ਦੇਸੂ ਸਿੰਘ ਡਲੇਵਾਲੀਆ--

ਸ੍ਰੀ ਅੰਮ੍ਰਿਤਸਰ ਤੋਂ ੧੨ ਕੁ ਮੀਲ ਦਖਣ ਵਿਚ ਤਰਨ ਤਾਰਨ ਦੇ ਨੇੜੇ ਪਿੰਡ ਅਲਾਵਲਪੁਰ ਦੇ ਰਹਿਣ ਵਾਲਾ ਸੀ ਤੇ ਡੱਲੇਵਾਲੀਆ ਮਿਸਲ ਦਾ ਸਰਦਾਰ ਸੀ। ਜ਼ਿਲਾ ਅੰਬਾਲਾ ਦੀ ਜਗਾਧਰੀ ਤਸੀਲ ਵਿਚ ਪਰਗਣਾ ਮੁਸਤਫਾਬਾਦ ਉਤੇ ਇਸ ਨੇ ਕਬਜ਼ਾ ਕਰ ਲਿਆ। ਇਸ ਤੋਂ ਛੁਟ ਅੰਬਾਲਾ ਤਸੀਲ ਵਿਚ ਤੰਦਵਾਲ ਤੇ ਡੇਰਾ ਵੀ ਰੋਕ ਲਏ। ਇਸ ਨੇ ਏਥੇ ਹੀ ਬਸ ਨਹੀਂ ਕੀਤੀ, ਸਗੋਂ ਅਰਨੌਲੀ, ਸਿੰਧੂਵਾਲ, ਆਮਲੂ ਬਾਂਗਰ ਅਤੇ ਕੁਲਾਰ ਖੜਿਆਲ ਵੀ ਨਿਵਾ ਕੇ ਆਪਣੇ ਨਾਲ ਮਿਲਾ ਲਏ।‡

## (੧੨) ਸੌਂਧਾ ਸਿੰਘ ਡੱਲੇਵਾਲੀਆ--

ਇਹ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਲਾਗੇ ਪਿੰਡ ਨਾਰੋਵਾਲ ਦਾ ਰਹਿਣ ਵਾਲਾ ਜੱਟ ਸੀ ਤੇ ਡੱਲੇ-ਵਾਲੀਆ ਮਿਸਲ ਦਾ ਰਾਠ ਸਿੰਘ, ਜੋ ਹਰ-ਭੇੜ ਵਿਚ ਮੋਹਰਲੀਆਂ ਪਾਲਾਂ ਵਿਚ ਹੁੰਦਾ ਸੀ। ਇਸ ਨੇ ਆਪਣੇ ਬਾਹੂ ਬਲ ਨਾਲ ਜ਼ਿਲਾ ਲੁਧਿਆਣਾ ਵਿਚ ਖੰਨੇ ਦੇ ਇਲਾਕੇ ਉਤੇ ਆਪਣੀ ਸ੍ਰਦਾਰੀ ਕਾਇਮ ਕੀਤੀ। ਇਹ ੩੦,੦੦੦ ਸਾਲਾਨਾ ਆਮਦਨ ਦਾ ਇਲਾਕਾ ਸੀ।*

† ਚੀਫਸ ਐਂਡ ਫ਼ੈਮਿਲੀਜ਼ ਆਫ ਨੋਟ, ਸਫਾ ੩੦੬,੦੭
‡ ਗਿ: ਗਿਆਨ ਸਿੰਘ—ਪੰਥ ਪ੍ਰਕਾਸ਼, ਸਫਾ ੮੫੨।
* ਸਰੂਪ ਲਾਲ—ਤਾਰੀਖ਼-ਏ-ਸਿਖਾਂ, ਸਫਾ ੧੪੭;
ਜਲੰਧਰ ਸੈਟਲਮੈਂਟ ਰਿਪੋਰਟ ੧੮੯੨, ਸਫਾ ੩੭।

## (੧੩) ਕਰਮ ਸਿੰਘ ਸ਼ਹੀਦ--

ਕਰਮ ਸਿੰਘ ਸਿਧੂ ਗੋਤ੍ਰ ਦਾ ਜੱਟ ਪਿੰਡ ਮਰ੍ਹਾਕਾ ਦਾ ਵਸਨੀਕ ਸੀ, ਜੋ ਲਾਹੌਰੋਂ ੨੨-੨੩ ਮੀਲ ਪਛਮ ਵਿਚ ਹੈ। ਇਹ ਸ਼ਹੀਦ ਮਿਸਲ ਦਾ ਬੜਾ ਉਦਮੀ, ਜੰਗਜੂ ਤੇ ਵੈਰੀ ਦੀਆਂ ਸਫਾਂ ਵਿਚ ਮਾਤਮ ਵਿਛਾ ਦੇਣ ਵਾਲਾ ਰਣਬੀਰ ਸਰਦਾਰ ਸੀ। ਇਸ ਨੇ ਜ਼ਿਲਾ ਅੰਬਾਲਾ ਵਿਚ ਸ਼ਾਹਜ਼ਾਦਪੁਰ ਅਤੇ ਕੇਸਰੀ ਦੇ ਪਰਗਣਿਆਂ ਦੇ ਬਹੁਤ ਸਾਰੇ ਪਿੰਡ ਆਪਣੇ ਤਹਿਤ ਵਿਚ ਕਰ ਲਏ ਸਨ, ਜਿਨ੍ਹਾਂ ਤੋਂ ਲਗ ਪਗ ਇਕ ਲੱਖ ਦੀ ਆਮਦਨ ਹੁੰਦੀ ਸੀ। ਇਸ ਤੋਂ ਛੁਟ ਇਹਨੇ ਰਣੀਆਂ, ਦਮਦਮਾ ਸਾਹਿਬ, ਖਾਰੀਬੰਦ ਤੇ ਜੜੌਲੀ ਵੀ ਆਪਣੀ ਸਿਕਦਾਰੀ ਵਿਚ ਕਰ ਲਏ ਸਨ। ਇਸ ਦੀ ਔਲਾਦ ਅਜੇ ਵੀ ਸ਼ਾਹਜ਼ਾਦਪੁਰ ਵਿਖੇ ਮੌਜੂਦ ਹੈ।†

ਸ਼ਾਹਜ਼ਾਦਪੁਰ ਦੇ ਇਲਾਕੇ ਦੇ ਨਾਲ ਮਾਜਰੀ ਦੀ ਹੱਦ ਲਗਦੀ ਹੈ। ਇਸ ਨੂੰ ਸ: ਸੂਰਤ ਸਿੰਘ ਅਕਾਲੀ, ਜੋ ਸ੍ਰੀ ਅਨੰਦਪੁਰ ਸਾਹਿਬ ਦਾ ਵਸਨੀਕ ਸੀ, ਨੇ ਆਪਣੇ ਅਧੀਨ ਕਰ ਲਿਆ ਸੀ।‡

## (੧੪) ਸ: ਜੱਸਾ ਸਿੰਘ ਜੀ ਆਹਲੂਵਾਲੀਆ--

ਸ: ਜੱਸਾ ਸਿੰਘ ਜੀ ਆਹਲੂਵਾਲੀਆ ਖਾਲਸਾ ਪੰਥ ਦੀ ਚੜ੍ਹਦੀ ਕਲਾ, ਸਵਤੰਤਰਤਾ ਦੇ ਲੰਮੇ ਸੰਘਰਸ਼ ਵਿਚ ਤੇ ਇਸ ਜਿਤ ਵਿਚ ਪੰਥ ਦਾ ਪਾਤਸ਼ਾਹ, ਜਿਸ ਨੂੰ ਬਹੁਤ ਪਹਿਲਾਂ ਸੁਲਤਾਨੁਲ ਕੌਮ ਦਾ ਖ਼ਿਤਾਬ ਦਿਤਾ ਜਾ ਚੁਕਾ ਸੀ। ਖਾਲਸਾ ਦਲ ਦਾ ਸ਼੍ਰੋਮਣੀ ਸਰਦਾਰ ਤੇ ਦਲ ਖਾਲਸੇ ਦਾ ਸਰਵਉੱਚਮ ਜਰਨੈਲ ਸੀ। ਇਹ ਰਿਆਸਤ ਕਪੂਰ-ਥਲਾ ਦਾ ਮੋਢੀ ਸੀ ਤੇ ਇਸ ਦੇ ਪਾਸ ਆਪਣੇ ੧੦ ਹਜ਼ਾਰ ਘੋੜ ਸਵਾਰ ਵੀ ਸਨ। ਪੂਰਨ ਗੁਰਸਿਖ ਤੇ

† ਰਾਜਾਜ਼ ਆਫ ਦੀ ਪੰਜਾਬ, ਸਫਾ ੪੪;
ਸਰੂਪ ਲਾਲ—ਤਾਰੀਖ਼-ਏ-ਸਿਖਾਂ, ਸਫਾ ੭੧;
ਚੀਫਸ ਐਂਡ ਫ਼ੈਮਿਲੀਜ਼ ਆਫ਼ ਨੋਟ, ਸਫਾ ੨੨੯।
‡ ਖੁਸ਼ਵਕਤ ਰਾਏ—ਕਿਤਾਬ-ਏ-ਤਾਰੀਖੇ-ਪੰਜਾਬ;
ਸਫਾ ੧੮੫; ਬੂਟੇ ਸ਼ਾਹ—ਤਾਰੀਖ਼ੇ-ਏ-ਪੰਜਾਬ,
ਸਫਾ ੧੯੪ ੳ- ।


www.AKJ.Org

ਸੁਭਾਵਕ ਤੌਰ ਤੇ ਬੜਾ ਹੀ ਸੰਤੋਖੀ ਤੇ ਉਦਾਰ-ਚਿਤ ਸੀ। ਭਾਵੇਂ ਉਹ ਏਡੀ ਵੱਡੀ ਗਿਣਤੀ ਨਾਲ ਸਭ ਤੋਂ ਜ਼ਿਆਦਾ ਇਲਾਕਾ ਮੱਲ ਸਕਦਾ ਸੀ, ਪਰ ਉਸ ਨੇ ਇਸ ਜਿੱਤ ਪਿਛੋਂ ਆਪ ਕੋਈ ਇਲਾਕੇ ਨਹੀਂ ਮੱਲੇ। ਕੇਵਲ ਇਸ ਜਿਤ ਦੀ ਯਾਦ ਵਜੋਂ ਸਿਰਫ ਨਿਸ਼ਾਨੀ ਦੇ ਤੌਰ ਤੇ ਇਹ ਪੰਜ ਪਿੰਡ ਨਾਰਾਇਣ ਗੜ੍ਹ, ਭੜੋਗ, ਬਰਵਾਲੀਆਂ, ਜਗਰਾਉਂ ਅਤੇ ਫਤਹਗੜ੍ਹ ਹੀ ਆਪਣੀ ਮੇਰ ਵਿਚ ਰਖੇ ਸਨ। ਇਨ੍ਹਾਂ ਪਿੰਡਾਂ ਵਿਚੋਂ ਦੋ ਲਖ ਦੀ ਸਾਲਾਨਾ ਆਮਦਨ ਹੁੰਦੀ ਸੀ।‡

ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਜ਼ਦੀਕ ਪਿੰਡ ਸੁਲਤਾਨਵਿੰਡ ਦਾ ਵਸਨੀਕ ਮਿਰਜ਼ਾ ਸਿੰਘ ਸ: ਜੱਸਾ ਸਿੰਘ ਦਾ ਮੁਲਾਜ਼ਮ ਸੀ। ਮਿਰਜ਼ਾ ਸਿੰਘ ਦਾ ਚਾਚਾ ਹਕੂਮਤ ਸਿੰਘ ਸ: ਜੱਸਾ ਸਿੰਘ ਦੇ ਘੋੜ-ਚੜ੍ਹਿਆਂ ਵਿਚ ਘੋੜ-ਸਵਾਰ ਸੀ। ਇਨ੍ਹਾਂ ਦੋਹਾਂ ਨੂੰ ਚੰਗੀਆਂ ਪਦਵੀਆਂ ਦਿਤੀਆਂ। ਸ: ਜੱਸਾ ਸਿੰਘ ਨੇ ਹਕੂਮਤ ਸਿੰਘ ਨੂੰ ਭੜੋਗ ਵਿਚ ਆਪਣਾ ਥਾਣੇਦਾਰ ਬਣਾਇਆ ਤੇ ਇਸ ਦੇ ਸਪੁਰਦ ੧੦੩ ਪਿੰਡ ਕੀਤੇ। ਫ਼ਤਹਗੜ੍ਹ ਦੀ ਥਾਣੇਦਾਰੀ ਮਿਰਜਾ ਸਿੰਘ ਨੂੰ ਦਿਤੀ ਗਈ ਸੀ।*

## (੧੫) ਦਸੌਂਧਾ ਸਿੰਘ ਨਿਸ਼ਾਨ ਵਾਲਾ–

ਜ਼ਿਲਾ ਫੀਰੋਜ਼ਪੁਰ ਵਿਚ ਪਿੰਡ ਮਨਸੂਰ ਹੈ। ਏਸ ਪਿੰਡ ਦੇ ਚੌਧਰੀ ਸਾਹਿਬ ਰਾਏ ਦਾ ਪੁਤਰ ਦਸੌਂਧਾ ਸਿੰਘ ਗਿਲ ਗੋਤਰ ਦਾ ਜੱਟ ਸੀ। ਇਹ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਤੇ ਨਿਸ਼ਾਨਵਾਲਾ ਮਿਸਲ ਵਿਚ ਸ਼ਾਮਲ ਹੋ ਕੇ ਉਸ ਦਾ ਮੁਖੀ ਸਰਦਾਰ ਬਣ ਗਿਆ। ਇਸ ਦੇ ਥਲੇ ੧੨,੦੦੦ ਘੋੜ-ਸਵਾਰ ਸਨ, ਤੇ ਦੁਰਾਨੀਆਂ ਨਾਲ ਭੇੜਾਂ ਵਿਚ ਇਸ ਨੇ ਬੜਾ ਨਾਮਣਾ ਖਟਿਆ ਸੀ। ਮੇਰਾਂ ਮੱਲਣ ਵੇਲੇ ਇਸ ਨੇ ਸਿੰਘਾਂ ਵਾਲਾ, ਸਾਹਨੇਵਾਲ, ਸਰਾਏ ਲਸ਼ਕਰੀ ਖਾਨ, ਦੁਰਾਹਾ, ਸੌਂਤੀ, ਅਮਲੋਹ, ਜ਼ੀਟਾ ਲੁਧਰ ਅਤੇ ਅੰਬਾਲੇ ਦੇ ਇਲਾਕੇ ਆਪਣੀ ਅਮਲ-ਦਾਰੀ ਵਿਚ ਸ਼ਾਮਲ ਕਰ ਕੇ ਅੰਬਾਲੇ ਨੂੰ ਇਨ੍ਹਾਂ ਇਲਾਕਿਆਂ ਦਾ ਬੰਦੋਬਸਤ ਚਲਾਉਣ ਲਈ ਕੇਂਦਰ ਬਣਾਇਆ। ਦਸੌਂਧਾ ਸਿੰਘ ਦੀ ਮੌਤ ਪਿਛੋਂ ਇਸ ਦਾ ਛੋਟਾ ਭਰਾ ਸ: ਸੰਗਤ ਸਿੰਘ ਇਸ ਸਾਰੇ ਇਲਾਕੇ ਦਾ ਵਾਰਸ ਬਣਿਆ।‡ ਨਿਸ਼ਾਨ ਵਾਲਾ ਮਿਸਲ ਨੂੰ ਸੰਗਤ ਸਿੰਘ ਦੇ ਰੂਪ ਵਿਚ ਓਡਾ ਹੀ ਵਡਾ ਤੇ ਤਜਰਬੇਕਾਰ ਆਗੂ ਮਿਲ ਗਿਆ।

## (੧੬) ਜੈ ਸਿੰਘ ਨਿਸ਼ਾਨ ਵਾਲਾ–

ਜੈ ਸਿੰਘ ਗੁਰਮ ਗੋਤਰ ਦਾ ਜੱਟ ਸ੍ਰੀ ਅੰਮ੍ਰਿਤਸਰ ਵਿਚ ਅਟਾਰੀ ਦੇ ਨੇੜੇ ਪਿੰਡ ਕਾਰੂੰਕੇ ਧੀਰ-ਕੇ ਦਾ ਰਹਿਣ ਵਾਲਾ ਬੜਾ ਖੂਬਸੂਰਤ ਤੇ ਕੱਦਾਵਰ ਸਿੰਘ ਸਰਦਾਰ ਸੀ। ਇਹ ਨਿਸ਼ਾਨ ਵਾਲਾ ਮਿਸਲ ਨਾਲ ਸਬੰਧਤ ਸੀ। ਖਰੜ ਤਸੀਲ ਵਿਚ ਲਿਧੜਾਂ ਦੇ ਪਰਗਣੇ ਦੇ ੨੭ ਪਿੰਡ ਇਸ ਨੇ ਆਪਣੇ ਜ਼ੋਰ ਕਰ ਲਏ ਸਨ। ਇਨ੍ਹਾਂ ਪਿੰਡਾਂ ਤੋਂ ਇਸ ਨੂੰ ੬੦,੦੦੦ ਰੁਪਏ ਸਾਲਾਨਾ ਆਮਦਨੀ ਹੁੰਦੀ ਸੀ।†

## (੧੭) ਨਾਹਰ ਸਿੰਘ ਤੇ ਸੁਰਜਨ ਸਿੰਘ–

ਨਾਹਰ ਸਿੰਘ ਤੇ ਸੁਰਜਨ ਸਿੰਘ ਦੋਵੇਂ ਸੋਢੀ

---

‡ ਮੁਫ਼ਤੀ ਅਲੀਉੱਦੀਨ—ਇਬਰਤਨਾਮਾ, ਸਫ਼ਾ ੧੭੬ਅ· ਸਰੂਪ ਲਾਲ—ਦਸਤੂਰ-ਉਲ ਅਮਲ ਮੁਲਕ-ਏ-ਮਹਿਫੂਜ਼, ਸਫ਼ਾ ੪੫-੩੬; ਗਿ: ਗਿਆਨ ਸਿੰਘ—ਰਾਜ ਖਾਲਸਾ ਸਫਾ ੩੭੫।

* ਪੰਜਾਬ ਗੌਰਮਿੰਟ ਰਿਕਾਰਡਜ਼, ਸਲੈਕਸ਼ਨਜ਼ ਫ੍ਰਾਮ ਨੋਟਬੁਕ ਕੈਪਟ (ਇੰਗਲਿਸ਼) ਲੇਖਕ : ਕੈਪਟਿਨ ਜੀ : ਬਰੱਚ, ੧੯੧੮-੧੯੨੧, IX ਨੰਬਰ ੧੭, ਸਫ਼ਾ ੧੨੯।

† ਗਿ: ਗਿਆਨ ਸਿੰਘ—ਰਾਜ ਖਾਲਸਾ, ਸਫ਼ਾ ੫੦-੫੧; ਸਰੂਪ ਲਾਲ—ਤਾਰੀਖ-ਏ-ਸਿਖਾਂ ਸਫ਼ਾ ੪੧; ਗਨੇਸ਼ ਦਾਸ ਵਡਹਿਰਾ—ਰਸਾਲਾ-ਏ-ਸਾਹਿਬ ਨੁਮਾ ਯਾ ਚਾਰ ਬਾਗ-ਏ-ਪੰਜਾਬ, ਸਫ਼ਾ ੨੦੬; ਬੂਟੇ ਸ਼ਾਹ—ਤਾਰੀਖ-ਏ-ਪੰਜਾਬ, ੨੬੬-ਅ, ੨੬੭ੳ, ਅਤੇ ੨੭੪ ਅ-੨੭੫ ੳ।

† ਰਾਜਾਜ਼ ਆਫ਼ ਦੀ ਪੰਜਾਬ, ਸਫ਼ਾ ੪੫; ਲੁਧਿਆਣਾ ਗਜ਼ਟੀਅਰ, ੧੮੮੮-੮੯, ਸਫ਼ਾ ੧੦੮; ਚੀਫ਼ਸ ਐਂਡ ਫ਼ੈਮਲੀਜ਼ ਆਫ ਨੋਟ, ਸਫ਼ਾ ੨੫੧।



www.AKJ.Org

ਸਨ। ਇਨ੍ਹਾਂ ਸ੍ਰੀ ਅਨੰਦਪੁਰ ਤੇ ਮਾਖੋਵਾਲ ਦਾ ਤਿੰਨ ਲਖ ਦੀ ਵਾਰਸਕ ਆਮਦਨੀ ਦਾ ਇਲਾਕਾ ਮੱਲ ਲਿਆ ਸੀ।‡

## (੧੮) ਖ਼ੁਸ਼ਹਾਲ ਸਿੰਘ ਸਿੰਘਪੁਰੀਆ—

ਖੁਸ਼ਹਾਲ ਸਿੰਘ ਸਿੰਘਪੁਰੀਆ ਸਿਖ ਇਤਿਹਾਸ ਦੇ ਪ੍ਰਸਿਧ ਧਰਮ ਵੀਰ ਨਵਾਬ ਕਪੂਰ ਸਿੰਘ ਜੀ ਫ਼ੈਜ਼ਉੱਲਾ ਪੁਰੀਆ, ਜੋ ਸਿੰਘਪੁਰੀਆ ਮਿਸਲ ਦੇ ਬਾਨੀ ਸਨ, ਦਾ ਭਤੀਜਾ ਸੀ। ਨਵਾਬ ਸਾਹਿਬ ਦੇ ੧੭੫੩ ਈ: ਵਿਚ ਅਕਾਲ ਚਲਾਣੇ ਪਿਛੋਂ ਇਸ ਮਿਸਲ ਦਾ ਇਹ ਜਥੇਦਾਰ ਬਣਿਆ। ਨਵਾਬ ਸਾਹਿਬ ਦਾ ਸਾਲਾਨਾ ਤਿੰਨ ਲੱਖ ਆਮਦਨ ਦਾ ਇਲਾਕਾ ਭਾਵੇਂ ਇਸ ਨੂੰ ਪਹਿਲਾਂ ਹੀ ਵਰਾਸਤ ਵਿਚ ਮਿਲ ਚੁਕਿਆ ਸੀ, ਪਰ ਸਰਹੰਦ ਮਾਰਨ ਪਿਛੋਂ ਇਸ ਮੱਲ-ਮਲਾਈ ਵਿਚ ਛੱਤ, ਬਨੂੜ, ਮਨੌਲੀ, ਘਨੌਲੀ, ਭਰਤਗੜ੍ਹ, ਕੰਡੋਲਾਹ, ਬੰਗਾ, ਭਰੇਲੀ,ਤੇ ਚੂਨੇ ਮਛਲੀ ਦੇ ਪਰਗਣੇ, ਜਿਨ੍ਹਾਂ ਤੋਂ ਡੇਢ ਲਖ ਦੀ ਹੋਰ ਸਾਲਾਨਾ ਆਮਦਨ ਹੁੰਦੀ ਸੀ, ਇਸ ਨੇ ਮਲ ਕੇ ਆਪਣੇ ਨਾਲ ਜੋੜ ਲਏ।* ਇੰਜ ਇਸ ਸਰਦਾਰ ਦੀ ਸਾਲਾਨਾ ਆਮਦਨ ਸਾਢੇ ਚਾਰ ਲਖ ਦੀ ਹੋ ਗਈ।

## (੧੯) ਜੈ ਸਿੰਘ, ਰਾਮ ਸਿੰਘ ਆਦਿ ਡੱਲੇਵਾਲੀਆ—

ਜੈ ਸਿੰਘ, ਰਾਮ ਸਿੰਘ, ਬਖਤ ਸਿੰਘ, ਕੰਵਰ ਸਿੰਘ, ਸਾਹਿਬ ਸਿੰਘ, ਸਰਧਾ ਸਿੰਘ, ਮਾਠਨ ਸਿੰਘ, ਸਤੇ ਸਰਦਾਰ ਪਿੰਡ ਕੰਗ ਦੇ ਰਹਿਣ ਵਾਲੇ ਸਨ। ਨਿਕੇ ਨਿਕੇ ਧਾੜੇ ਮਾਰਨੇ ਛੱਡ ਕੇ ਅੰਮ੍ਰਿਤ ਛਕ ਕੇ ਇਨ੍ਹਾਂ ਆਪਣਾ ਜੋੜ ਡੱਲੇਵਾਲੀਆ ਮਿਸਲ ਨਾਲ ਜੋੜਿਆ। ਹੌਲੀ ਹੌਲੀ ਇਨ੍ਹਾਂ ੧੨੬ ਘੋੜ-ਸਵਾਰ ਆਪਣੇ ਬਣਾ ਲਏ। ਖਮਾਣੋ ਦਾ ਪਰਗਣਾ, ਜਿਸ ਵਿਚ ੫੫ ਪਿੰਡ ਸ਼ਾਮਲ ਸਨ, ਆਪਣੇ ਮਾਤਹਿਤ ਕਰ ਕੇ ਸਾਰੇ ਪਰਗਣੇ ਨੂੰ ਬਰਾਬਰ ਤਿੰਨਾਂ ਹਿਸਿਆਂ ਵਿਚ ਵੰਡ ਕੇ ਸਵਤੰਤਰ ਸਰਦਾਰ ਬਣ ਬੈਠੇ।†

## (੨੦) ਸਾਹਿਬ ਸਿੰਘ ਤੇ ਗੁਰਦਿਤ ਸਿੰਘ ਡੱਲੇਵਾਲੀਆ—

ਸਾਹਿਬ ਸਿੰਘ ਤੇ ਗੁਰਦਿਤ ਸਿੰਘ ਦੋਵੇਂ ਸੱਕੇ ਭਰਾ ਤੇ ਸਹਿਸੀ ਗੋਤ ਦੇ ਜੱਟ ਸਨ। ਇਹ ਸ੍ਰੀ ਅੰਮ੍ਰਿਤਸਰ ਦੇ ਨੇੜੇ ਹੀ ਰਹਿੰਦੇ ਸਨ। ਇਨ੍ਹਾਂ ਦਾ ਨਾਤਾ ਡੱਲੇਵਾਲੀਆ ਮਿਸਲ ਦੇ ਨਾਲ ਸੀ। ਤਕੜੇ ਉਦਮੀ ਸਨ ਤੇ ਏਸ ਮਿਸਲ ਵਿਚ ਇਨ੍ਹਾਂ ਬੜਾ ਨਾਮ ਪੈਦਾ ਕੀਤਾ ਸੀ। ਇਨ੍ਹਾਂ ਅਗੇ ਵਧ ਕੇ ਕਰਨਾਲ ਦੀ ਹੱਦ ਨਾਲ ਲਗਦੇ ਲਾਡਵਾ, ਇੰਧੇਰੀ (ਇੰਧਰੀ) ਬਬੈਨ ਤੇ ਸ਼ਾਮਗੜ੍ਹ ਦੇ ਇਲਾਕੇ, ਜਿਨ੍ਹਾਂ ਵਿਚ ਕੁਲ ੧੧੭ ਪਿੰਡ ਸਨ, ਜਾ ਨੱਪੇ।* [ਸਹਿਸੀ ਗੋਤਰ ਦਾ ਉਘਾ ਪਿੰਡ ਰਾਜਾ ਸਹਿਸ (ਰਾਜਾ ਸਾਂਸੀ) ਜ਼ਿਲਾ ਸ੍ਰੀ ਅੰਮ੍ਰਿਤਸਰ ਵਿਚ, ਸ੍ਰੀ ਅੰਮ੍ਰਿਤ ਸਾਹਿਬੋਂ ਥੋੜੀ ਵਿਥ ਉਤੇ (ਮਸਾਂ ੬ ਕੁ ਮੀਲ) ਉੱਤਰ ਪੱਛਮ ਵਿਚ ਹੈ।]

## (੨੧) ਮਿਤ ਸਿੰਘ ਡੱਲੇਵਾਲੀਆ—

ਭਾਈ ਮਿਤ ਸਿੰਘ ਦਾ ਪਿੰਡ ਸਰਹਾਲੀ ਪੱਟੀ ਤੋਂ ੬ ਮੀਲ ਚੜ੍ਹਦੇ ਦਖਣ ਵਿਚ ਤੇ ਸ੍ਰੀ ਅੰਮ੍ਰਿਤਸਰ ਤੋਂ ੨੬ ਮੀਲ ਦਖਣ ਵਿਚ ਅੰਮ੍ਰਿਤ-ਸਰ-ਹਰੀਕੇ ਸੜਕ ਉਤੇ ਹੈ। ਭਾਈ ਮਿਤ ਸਿੰਘ

---

‡ ਸਰੂਪ ਲਾਲ—ਤਾਰੀਖ-ਏ-ਸਿਖਾਂ, ਸਫ਼ਾ ੧੫੦।

* ਗਿ: ਗਿਆਨ ਸਿੰਘ—ਰਾਜ ਖਾਲਸਾ, ਸਫ਼ਾ ੪੮; ਸਰੂਪ ਲਾਲ—ਤਾਰੀਖ-ਏ-ਸਿਖਾਂ, ਸਫ਼ਾ ੭,੪੦੯; ਮੁਫਤੀ ਅਲੀਉੱਦੀਨ—ਇਬਰਤਨਾਮਾ,ਸਫ਼ਾ ੧੨੬ਅ।

† ਬੂਟੇ ਸ਼ਾਹ—ਤਾਰੀਖ-ਏ-ਪੰਜਾਬ, ਸਫ਼ਾ ੨੫੮ ਅ।

* ਬੂਟੇ ਸ਼ਾਹ—ਤਾਰੀਖ-ਏ-ਪੰਜਾਬ, ਸਫ਼ਾ ੨੫੪ ਅ, ੨੫੫ ੳ; ਖੁਸ਼ਵਕਤ ਰਾਏ—ਕਿਤਾਬ-ਏ-ਪੰਜਾਬ, ਸਫ਼ਾ ੧੮੪; ਮੁਫਤੀ ਅਲੀਉੱਦੀਨ—ਇਬਰਤਨਾਮਾ, ਸਫ਼ਾ ੧੨੬ ੳ, ਕਰਨਾਲ ਗਜ਼ਟੀਅਰ—ਸਫ਼ਾ ੩੩।

ਪਿਛੋਂ ਇਨ੍ਹਾਂ ਭਰਾਵਾਂ ਹੋਰ ਹੱਥ ਮਾਰੇ ਤੇ ਪਿੰਡਾਂ ਦੀ ਗਿਣਤੀ ੧੭੮ ਹੋ ਗਈ। ਇਸ ਸਾਰੀ ਮੇਰੇ ਵਿਚੋਂ ਢਾਈ ਲਖ ਦੀ ਸਾਲਾਨਾ ਆਮਦਨ ਸੀ। ਕਲਕਤਾ ਰੀਵੀਊ,॥ਅਕਤੂਬਰ ਦਸੰਬਰ ੧੮੪੪, ਸਫ਼ਾ ੧੯੮।



www.AKJ.Org

ਸੰਧੂ ਗੋਤ ਦੇ ਜੱਟ ਸਨ। ਇਹ ਆਪ ਤੇ ਇਨ੍ਹਾਂ ਦੇ ਭਤੀਜੇ ਭੰਗਾ ਸਿੰਘ ਅਤੇ ਭਾਗ ਸਿੰਘ ਡੱਲੇਵਾਲੀਆ ਮਿਸਲ ਦੇ ਜੁਟ ਸਨ। ਭਾਈ ਮਿਤ ਸਿੰਘ ਡੱਲੇ-ਵਾਲੀਆ ਮਿਸਲ ਦੇ ਆਗੂ ਸਰਦਾਰ ਤਾਰਾ ਸਿੰਘ 'ਗੈਬੇ' ਦੇ ਗੜਵਈ ਸਨ। (ਗੜਵਾ-ਬਰਦਾਰ, ਹਰ ਸਮੇਂ ਗੜਵੇ ਵਿਚ ਜਲ ਲੈ ਕੇ ਸੇਵਾ ਵਿਚ ਹਾਜ਼ਰ ਰਹਿਣ ਵਾਲਾ)। ਇਨ੍ਹਾਂ ਤਿੰਨਾਂ ਚਾਚਾ ਭਤੀਜਿਆਂ ਨੇ ਪਹੇਵਾ ਰੋਕ ਲਿਆ। ਨਾਲ ਹੀ ਥਨੇਸਰ ਦਾ ਚੁਫੇਰਾ ਵੀ ਜਾ ਮੱਲਿਆ। ਕਹੋੜ ਦੇ ਮੁਕਾਮ ਤੇ ਇਕ ਕਿਲ੍ਹਾ ਬਣਾ ਕੇ ਇਸ ਇਲਾਕੇ ਦਾ ਪਰਬੰਧ ਕਰਨ ਲਈ ਉਸ ਨੂੰ ਆਪਣਾ ਸਦਰ ਮੁਕਾਮ ਥਾਪਿਆ।†

## (੨੨) ਰਾਏ ਸਿੰਘ ਭੰਗੀ–

ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਖਣ ਵਿਚ ੨੮ ਮੀਲ ਦੇ ਫ਼ਾਸਲੇ ਤੇ ਇਕ ਪਿੰਡ ਚੂਹਗ ਹੈ। ਪਹਿਲਾਂ ਇਹ ਜ਼ਿਲਾ ਲਾਹੌਰ ਵਿਚ ਸੀ, ਪਰ ਪਾਕਿਸਤਾਨ ਬਣਨ ਤੋਂ ਬਾਅਦ ਇਹ ਸ੍ਰੀ ਅੰਮ੍ਰਿਤਸਰ ਦੇ ਵਿਚ ਆ ਗਿਆ ਹੈ। ਏਥੋਂ ਦਾ ਇਕ ਤਕੜਾ ਜੱਟ ਚੌਧਰੀ ਲਖਮੀਰ ਸੀ, ਜਿਸ ਦੇ ਚਾਰ ਪੁਤਰ ਬਾਘ ਸਿੰਘ, ਬਾਜ ਸਿੰਘ, ਰਾਏ ਸਿੰਘ ਤੇ ਪਰਜਾ ਸਿੰਘ ਸਨ। ਅਹਿਮਦ ਸ਼ਾਹ ਅਬਦਾਲੀ ਦੇ ਇਕ ਹਮਲੇ ਸਮੇਂ ਫੌਜ ਹਥੋਂ ਪਰਜਾ ਸਿੰਘ ਫੜਿਆ ਗਿਆ ਤੇ ਉਸ ਨੂੰ ਬੰਦੀ ਬਣਾ ਲਿਆ। ਇਸ ਨੇ ਇਸਲਾਮ ਕਬੂਲ ਕਰ ਲਿਆ ਤੇ ਕਾਫ਼ੀ ਦੇਰ ਪਿਛੋਂ ਵਾਪਸ ਆਪਣੇ ਪਿੰਡ ਚੂਹਗੀਂ ਆਇਆ। ਏਥੇ ਆ ਕੇ ਇਹ ਮੁਸਲਮਾਨ ਹੀ ਰਿਹਾ, ਪਰ ਬਾਕੀ ਤਿੰਨਾਂ ਭਰਾਵਾਂ ਨੇ ਸ: ਹਰੀ ਸਿੰਘ ਭੰਗੀ (ਜੱਥੇ ਤੋਂ) ਪਾਸੋਂ ਅੰਮ੍ਰਿਤ ਪਾਨ ਕੀਤਾ ਤੇ ਸਿੰਘ ਸਜ ਗਏ ਤੇ ਸ: ਝੰਡਾ ਸਿੰਘ ਭੰਗੀ ਦੇ ਜਥੇ ਨਾਲ ਰਲ ਗਏ ਤੇ ਭੰਗੀ ਮਿਸਲ ਵਿਚ ਜੁੜ ਗਏ। ਝੰਡਾ ਸਿੰਘ ਭੰਗੀ ਦੇ ਨਾਲ ਮਿਲ ਕੇ ਇਨ੍ਹਾਂ ਨੇ ਲੰਘਦੇ ਸ਼ਾਹੀ ਖ਼ਜ਼ਾਨਿਆਂ, ਮਾਲਦਾਰ ਸੌਦਾਗਰਾਂ ਦੇ ਕਾਫਲਿਆਂ ਤੇ ਗਸ਼ਤੀ ਫੌਜ ਦੀਆਂ ਟੁਕੜੀਆਂ ਤੇ ਚੰਗੇ ਹੱਥ ਸਾਫ ਕੀਤੇ। ਲਾਹੌਰ ਦੀਆਂ ਕੰਧਾਂ ਤਕ ਇਹ ਲੁਟ-ਮਾਰ ਤੇ ਮਾਰ ਧਾੜ ਕਰ ਆਇਆ ਕਰਦੇ ਸਨ। ਸਰਹੰਦ ਮਾਰਨ ਪਿਛੋਂ ਇਹ ਭੰਗੀ ਮਿਸਲ ਨਾਲ ਜਲੰਧਰ ਦੁਆਬ, ਬਾਰੀ ਦੁਆਬ, ਰਚਨਾ ਦੁਆਬ ਤੇ ਚੱਜ ਦੁਆਬ ਵਲ ਨਹੀਂ ਆਏ, ਸਗੋਂ ਸ੍ਰੀ ਅੰਮ੍ਰਿਤਸਰ ਦੇ ਨੇੜੇ ਪਿੰਡ ਝਾਵਲਮੰਡਾਂ ਦੇ ਇਕ ਮਾਰ-ਖੋਰੇ ਜੱਟ ਨਾਨੂੰ ਸਿੰਘ ਨਾਲ ਮਿਲ ਕੇ ਤਿੰਨਾਂ ਭਰਾਵਾਂ ਨੇ ਬੂੜੀਆਂ, ਜਗਾਧਰੀ ਤੇ ਦਾਮਲੇ ਦੇ ਪਰਗਣਿਆਂ ਨੂੰ ਜਾ ਦਬਾ-ਇਆ। ਉਦਾਲੇ ਪੁਦਾਲੇ ਦਿਆਂ ਪਿੰਡਾਂ ਨੂੰ ਵੀ ਦਬਾ ਕੇ ਨਾਲ ਹੀ ਜੋੜ ਲਿਆ ਤੇ ਇਸ ਤਰ੍ਹਾਂ ਇਨ੍ਹਾਂ ਦੇ ਕਬਜ਼ੇ ਵਿਚ ਕੁਲ ੨੦੪ ਪਿੰਡ ਹੋ ਗਏ।†

[ਜਗਾਧਰੀ ਨੂੰ ਨਾਦਰ ਸ਼ਾਹ ਨੇ ੧੭੩੯ ਈ: ਵਿਚ ਆਪਣੇ ਹਮਲੇ ਸਮੇਂ ਬਿਲਕੁਲ ਬਰਬਾਦ ਕਰ ਸੁਟਿਆ ਸੀ। ਇਸ ਇਲਾਕੇ ਤੇ ਕਬਜ਼ਾ ਕਰਨ ਪਿਛੋਂ ਜਗਾਧਰੀ ਦੀ ਨਵੀਂ ਉਸਾਰੀ ਰਾਏ ਸਿੰਘ ਨੇ ਕਰਵਾਈ ਸੀ। ਮੁੜ ਪਰਫੁਲਤ ਤੇ ਰੌਣਕਾਂ ਭਰਿਆ ਸ਼ਹਿਰ ਬਣਾਉਣ ਲਈ ਵਪਾਰੀਆਂ ਤੇ ਸ਼ਿਲਪਕਾਰਾਂ ਨੂੰ ਏਥੇ ਵਸਾਉਣ ਲਈ ਉਨ੍ਹਾਂ ਨੂੰ ਹਰ ਪੱਖੋਂ ਸਹੂਲਤਾਂ ਦੇ ਕੇ ਹੌਸਲਾ-ਅਫ਼ਜ਼ਾਈ ਕੀਤੀ

---

† ਮੁਫਤੀ ਅਲੀ ਉੱਦੀਨ—ਇਬਰਤ ਨਾਮਾ, ਸਫਾ ੧੨੬ ਅ; ਰਾਜਾਜ਼ ਆਫ ਦੀ ਪੰਜਾਬ, ਸਫਾ ੫੬; ਚੀਫਸ ਐਂਡ ਫ਼ੈਮਿਲੀਜ਼ ਆਫ਼ ਨੋਟ, ਸਫਾ ੧੮੩; ਰਾਧਾ ਕਿਸ਼ਨ—ਗੋਸ਼ਾ-ਏ-ਪੰਜਾਬ, ਸਫਾ ੨੪-੬; ਬੂਟੇ ਸ਼ਾਹ—ਤਾਰੀਖ-ਏ-ਪੰਜਾਬ, ਸਫਾ ੨੫੨ ਅ; ੨੫੩ ੳ. ਜਲੰਧਰ ਸੈਟਲਮੈਂਟ ਰਿਪੋਰਟ ੧੮੯੨, ਸਫਾ ੩੭।

† ਖੁਸ਼ਵਕਤ ਰਾਏ—ਕਿਤਾਬ-ਏ-ਤਾਰੀਖ-ਏ-ਪੰਜਾਬ, ਸਫਾ ੧੮੬; ਚੀਫਸ ਐਂਡ ਫ਼ੈਮਿਲੀਜ਼ ਨੋਟ, ਸਫਾ ੨੧੫, ੨੨੭-੨੮; ਰਾਜਾਜ਼ ਆਫ਼ ਦੀ ਪੰਜਾਬ, ਸਫਾ ੪੬; ਮੁਫਤੀ ਅਲੀਉਦੀਨ—ਇਬਰਤਨਾਮਾ ਸਫਾ ੧੨੬ ਅ; ਬੂਟੇ ਸ਼ਾਹ—ਤਾਰੀਖ-ਏ-ਪੰਜਾਬ, ਸਫਾ ੨੧੭ ੳ; ਸਰੂਪ ਲਾਲ—ਤਾਰੀਖ-ਏ-ਸਿਖਾਂ, ਸਫਾ ੬੫-੬੬। ਇਨ੍ਹਾਂ ਦਾ ਸਦਰ ਮੁਕਾਮ ਬੂੜੀਆ ਸੀ। ਚੀਫਸ ਐਂਡ ਫ਼ੈਮਿਲੀਜ਼ ਆਫ਼ ਨੋਟ ਸਫਾ ੨੨੭।



www.AKJ.Org

ਸੀ। ਅੱਜ ਦੀ ਜਗਾਧਰੀ ਰਾਏ ਸਿੰਘ ਦੀ ਦੇਣ ਹੈ।*

ਇਨ੍ਹਾਂ ਬੂੜੀਏ ਵਿਚ ਇਕ ਕਿਲ੍ਹਾ ਉਸਾਰਿਆ ਤੇ ਉਸ ਦਾ ਨਾਉਂ ਦਿਆਲ ਗੜ੍ਹ ਰਖਿਆ। ਇਸ ਨੂੰ ਇਸ ਸਾਰੇ ਇਲਾਕੇ ਦੇ ਪਰਬੰਧ ਲਈ ਸਦਰ ਮੁਕਾਮ ਬਣਾਇਆ।

**(੨੩) ਗੁਰਬਖਸ਼ ਸਿੰਘ ਕਰੋੜਸਿੰਘੀਆ–**

ਗੁਰਬਖਸ਼ ਸਿੰਘ ਸਿਧੂ ਗੋਤ ਦਾ ਜੱਟ ਪਿੰਡ ਕਲਸੀਆ, ਤਸੀਲ ਕਸੂਰ, ਜ਼ਿਲਾ ਲਾਹੌਰ ਦੇ ਰਹਿਣ ਵਾਲਾ ਸੀ। ਇਹ ਕਰੋੜਾ ਸਿੰਘੀਆ ਮਿਸਲ ਦਾ ਇਕ ਬੜਾ ਉਘਾ ਤੇ ਜਥੇ ਵਾਲਾ ਸਰਦਾਰ ਹੋਇਆ ਹੈ। ਇਸ ਦੇ ਜਿਸਮ ਤੇ ਲੱਗੇ ਫਟਾਂ ਦੇ ਦਾਗ ਇਸ ਮਿਸਲ ਨੂੰ ਪੇਸ਼ ਆਈਆਂ ਅਨੇਕਾਂ ਮੁਹਿੰਮਾਂ ਦੀ ਅਕੱਟ ਗਵਾਹੀ ਭਰਦੇ ਸਨ। ਇਸ ਨੇ ਬਸੀ, ਛਛਰੌਲੀ, ਤੇ ਚੜਕ ਦੇ ਪਰਗਣੇ, ਜੋ ਜ਼ਿਲਾ ਅੰਬਾਲਾ ਵਿਚ ਹਨ, ਆਪਣੀ ਮੇਰ ਵਿਚ ਪੱਕੇ ਕਰ ਲਏ ਸਨ।‡

ਕਲਸੀਆ ਪਿੰਡ ਦਾ ਇਕ ਹੋਰ ਸੂਰਬੀਰ ਕਰਮ ਸਿੰਘ ਸੀ, ਉਸ ਨੇ ਜਗਾਧਰੀ ਦੀ ਤਸੀਲ ਵਿਚ ਬਿਲਾਸਪੁਰ ਦਾ ਪਰਗਣਾ ਜਾ ਨਪੜਿਆ ਸੀ। ਏਸੇ ਪਿੰਡ ਦੇ ਇਕ ਹੋਰ ਸ਼ੇਰ ਮਰਦ ਦਿਆਲ ਸਿੰਘ ਨੇ ਧਰਮਕੋਟ ਦੇ ਪਰਗਣੇ ਤੇ ਆਪਣੀ ਮੇਰ ਦਾ ਝੰਡਾ ਜਾ ਗੱਡਿਆ।†

(ਚਲਦਾ)

*ਅੰਬਾਲਾ ਗਜ਼ਟੀਅਰ, ੬੯

‡ ਰਾਧਾ ਕਿਸ਼ਨ—ਗੌਸ਼ਾ-ਏ-ਪੰਜਾਬ, ਸਫਾ ੨੯-੩੦। ਇੰਪੀਰੀਅਲ ਗਜ਼ਟੀਅਰ ਆਫ ਇੰਡੀਆ ੧੯੦੮, ਪੰਜਾਬ II, ਸਫਾ ਬ੬੬। ਚੀਫਸ ਐਂਡ ਫੈਮਿਲੀਜ਼ ਆਫ ਨੋਟ, ਸਫਾ ੮੩।

† ਰਾਧਾ ਕਿਸ਼ਨ—ਗੌਸ਼ਾ ਏ-ਪੰਜਾਬ, ਸਫਾ ੨੯-੩੦

# ਗੁਰੂ ਕੀ ਮੋਹਰ

[ਸ੍ਰੀ ਦਸਮੇਸ਼ ਸੇਵਕ ਸਭਾ ਡੇਹਰਾਦੂਨ ਦੇ ਅਧਾਰ ਤੇ]

**ਗੁਰ ਕੀ ਮੋਹਰ ਗੁਰ ਸਮ ਜਾਨੈ ॥ ਗੁਰ ਸਮ ਅਦਬ ਕੇਸ ਕਾ ਠਾਨੈ ॥**

੧. ਗੁਰ-ਹੁਕਮਾਂ ਅਨੁਸਾਰ ਕਿਸੇ ਵੀ ਗੁਰੂ ਕੇ ਸਿਖ ਨੂੰ ਕੇਸਾਂ ਦੀ ਬੇਅਦਬੀ ਕਰਨ ਦਾ ਹੱਕ ਨਹੀਂ।

੨. ਗੁਰੂ ਕਾ ਸਿਖ ਦਾੜ੍ਹੀ ਮੁੱਛਾਂ ਆਦਿ ਗੁਰੂ ਕੀ ਮੋਹਰ ਸਮਝੇ ਅਤੇ ਕਦੇ ਵੀ ਇਨ੍ਹਾਂ ਦੀ ਬੇਅਦਬੀ ਨਾ ਕਰੇ।

੩. ਗੁਰੂ ਕੇ ਸਿਖ ਨੂੰ ਦਾੜ੍ਹੀ ਰੰਗਣ ਜਾਂ ਕਲਫ ਲਾਉਣੀ ਵਿਵਰਜਿਤ ਹੈ।

੪. ਸਿੱਖ ਅਖਵਾਉਣ ਵਾਲੀਆਂ ਬੀਬੀਆਂ ਜੋ ਭਰਵੱਟੇ ਕਟਦੀਆਂ ਹਨ, ਉਹ ਪਤਿਤ ਕਰਮ ਕਰ ਕੇ ਘੋਰ ਪਾਪ ਦੀਆਂ ਭਾਗੀ ਹਨ।

੫. ਸਰੀਰ ਦਾ ਹਰੇਕ ਰੋਮ ਕੇਸ ਹੈ। ਸਾਰੇ ਰੋਮ ਸਰੀਰ ਦਾ ਅੰਗ ਹਨ। ਸਰੀਰ ਦੇ ਕਿਸੇ ਰੋਮ ਦੀ ਵੀ ਬੇਅਦਬੀ ਕਰਨੀ ਪਤਿਤ ਕਰਮ ਹੈ।

੬. ਗੁਰੂ ਕੇ ਸਿੰਘ ਤੇ ਸਿੰਘਣੀਆਂ ਨੂੰ ਨੰਗੇ ਸਿਰ ਕਦੇ ਵੀ ਨਹੀਂ ਰਹਿਣਾ ਚਾਹੀਦਾ।

੭. ਗੁਰੂ ਕੇ ਸਿੰਘ ਸਿੰਘਣੀਆਂ ਅਤੇ ਬੱਚਿਆਂ ਨੂੰ ਸਦਾ ਦਸਤਾਰ ਸੀਸ ਤੇ ਰਖਣੀ ਗੁਰ-ਹੁਕਮ ਹੈ। ਕਈ ਮਸ-ਫੁਟ ਨੌਜੁਆਨ ਬੱਚੇ ਕੇਵਲ ਜੂੜੇ ਤੇ ਰੁਮਾਲੀ ਵਲ੍ਹੇਟ ਕੇ ਬਜ਼ਾਰਾਂ ਵਿਚ ਤੁਰੇ ਫਿਰਦੇ ਹਨ, ਜੋ ਕਿ ਮਨਮਤਿ ਹੈ ਅਤੇ ਗੁਰੂ ਕੀ ਮੋਹਰ ਦੀ ਬੇਅਦਬੀ ਹੈ।

੮. ਗੁਰੂ ਕੇ ਸਿਖਾਂ ਨੇ ਗੁਰੂ ਕਾ ਬਖਸ਼ਿਆ ਰੂਪ ਅਪਣਾਉਣਾ ਹੈ, ਇਸ ਲਈ ਦਾੜ੍ਹਾ ਪਰਕਾਸ਼ ਕਰਨਾ ਹੀ ਹਰੇਕ ਗੁਰਸਿਖ ਨੂੰ ਸੋਭਦਾ ਹੈ।

ਸਮੂਹ ਗੁਰਸਿਖ ਸੰਗਤਾਂ ਨੂੰ ਬੇਨਤੀ ਹੈ ਕਿ "ਕੇਸ" ਅਕਾਲ ਪੁਰਖ ਦੀ ਬਖਸ਼ਿਸ਼ ਹੈ ਅਤੇ ਦੁਨੀਆ ਭਰ ਦੇ ਧਰਮੀ ਬੰਦਿਆਂ ਨੇ ਕੇਸਾਂ ਨੂੰ ਸਤਿਕਾਰਿਆ ਤੇ ਅਪਣਾਇਆ ਹੈ। ਗੁਰੂ ਸਾਹਿਬਾਨ ਨੇ ਸਿਖ ਨੂੰ "ਸੰਤ ਸਿਪਾਹੀ" ਬਣਾਇਆ ਹੈ ਅਤੇ ਇਕ ਉਚੀ ਤੇ ਸੁਚੀ ਰਹਿਣੀ ਬਖਸ਼ੀ ਹੈ। ਸਿਖ ਦੇ ਘਰ ਜਨਮ ਲੈਣ ਨਾਲ ਹੀ ਕੋਈ ਸਿਖ ਨਹੀਂ ਹੋ ਜਾਂਦਾ। ਸਗੋਂ ਸਿਖੀ ਤਾਂ ਉਚੀ ਤੇ ਸੁਚੀ ਰਹਿਣੀ ਦਾ ਨਾਮ ਹੈ। ਇਸ ਰਹਿਣੀ ਦਾ ਇਕ ਪਵਿਤਰ ਅੰਗ "ਕੇਸ" ਹਨ। ਸੋ ਕੇਸਾਂ ਦੀ ਸੰਭਾਲ ਕਰਨੀ ਹਰੇਕ ਗੁਰਸਿਖ ਦਾ ਮੁਢਲਾ ਫ਼ਰਜ਼ ਹੈ। ਸਦਾ ਵਾਹਿਗੁਰੂ ਅਗੇ ਬੇਨਤੀ ਕਰੀਏ ਕਿ ਸਿਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਉਣ ਦਾ ਬਲ ਬਖਸ਼ੋ ਜੀ।

www.AKJ.Org

# ਧੂਮ ਧੁਜਾ ਫਹਰੰਤਿ ਸਦਾ

[ਵਲੋਂ—ਸ: ਪਸ਼ੌਰਾ ਸਿੰਘ ਜੀ; ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਨਵੀਂ ਦਿਲੀ]

[ਲੜੀ ਜੋੜਨ ਲਈ ਵੇਖੋ 'ਸੂਰਾ' ਨਵੰਬਰ]

( ੩ )

ਨਿਸ਼ਾਨ ਸਾਹਿਬ ਦੀ ਭੂਮੀ ਕੇਸਰੀ ਰੰਗ ਦੀ ਹੈ ਅਤੇ ਉਸ ਉਪਰ ਜੋ ਖ਼ਾਲਸਾ ਕੌਮ ਦਾ ਚਕਰਾ-ਕਾਰ (Emblem) ਉਕਰਿਆ ਹੋਇਆ ਹੈ, ਉਹ ਨੀਲੇ ਰੰਗ ਵਿਚ ਹੈ। ਨੀਲਾ ਰੰਗ ਦਸਮੇਸ਼ ਪਿਤਾ ਦੀ ਦੇਣ ਹੈ। ਨੀਲਾ ਰੰਗ ਬ੍ਰਹਮ ਗਿਆਨ ਦਾ ਰੰਗ ਹੈ, ਜਿਸ ਵਿਚ ਅਕਾਸ਼ ਦੀ ਨਿਰਮਲਤਾ, ਬੇਅੰਤਤਾ ਅਤੇ ਸਾਗਰ ਦੀ ਗੰਭੀਰਤਾ ਤੇ ਵਿਸ਼ਾਲਤਾ ਭਰਪੂਰ ਹੈ। ਖ਼ਾਲਸੇ ਦਾ ਝੰਡਾ ਨੀਲੇ ਗਗਨ ਵਾਂਗ ਉਚੇਰੇ ਤੋਂ ਉਚੇਰੇ ਆਦਰਸ਼ਾਂ ਦਾ ਸੂਚਕ ਹੈ। ਯੂ. ਐਨ. ਓ. ਦੇ ਝੰਡੇ ਦੀ ਭੂਮੀ ਵੀ ਨੀਲੇ (Light Blue) ਰੰਗ ਦੀ ਹੈ। ਕਲਗੀਧਰ ਪਾਤਸ਼ਾਹ ਨਾਲ ਸੰਬੰਧਿਤ ਬਹੁਤੇ ਇਤਿਹਾਸਕ ਗੁਰਦੁਆਰਿਆਂ ਤੇ ਨੀਲੇ ਰੰਗ ਦੇ ਨਿਸ਼ਾਨ ਸਾਹਿਬ ਝੂਲਦੇ ਹਨ, ਕਿਉਂਕਿ ਨੀਲਾ ਰੰਗ ਗੁਰੂ ਸਾਹਿਬ ਨੇ ਆਪ ਧਾਰਨ ਕੀਤਾ ਸੀ। ਨੀਲਾ ਰੰਗ ਖਾਲਸੇ ਦੀ ਦਸਤਾਰ ਵਿਚ ਆ ਗਿਆ। ਇਹ ਗੁਰੂ ਸਾਹਿਬ ਦੇ ਸਮੱਰਥ ਘੋੜੇ ਦਾ ਰੰਗ ਹੈ, ਜੋ ਖ਼ਾਲਸੇ ਦੀ ਤੇਜ਼ ਰਫ਼ਤਾਰ ਅਤੇ ਸ਼ਕਤੀ ਦਾ ਪ੍ਰਤੀਕ ਹੈ।

ਨਿਸ਼ਾਨ ਸਾਹਿਬ ਤੇ ਜੋ ਚੱਕਰਾਕਾਰ (Eublem) ਹੈ ਉਸ ਵਿਚਲੀਆਂ ਦੋ ਕਿਰਪਾਨਾਂ ਗੁਰੂ ਹਰਿਗੋਬਿੰਦ ਸਾਹਿਬ ਦੀ ਦਾਤਿ ਹਨ ਅਤੇ ਮੀਰੀ ਪੀਰੀ ਦਾ ਪ੍ਰਗਟਾਵਾ ਕਰਦੀਆਂ ਹਨ। ਚੱਕ੍ਰ ਦਾ ਚਿੰਨ੍ਹ ਗੁਰੂ ਨਾਨਕ ਦੇਵ ਜੀ ਦੇ ੧ਓ ਜਾਂ ਬ੍ਰਹਮ-ਚਕ੍ਰ ਦੇ ਫ਼ਲਸਫ਼ੇ ਦਾ ਲਖਾਇਕ ਹੈ, ਸਾਰੇ ਬ੍ਰਹਿਮੰਡ ਦੀ ਏਕਤਾ 'ਚਕ੍ਰ'—ਗੋਲ ਚਕ੍ਰ ਹੈ। ਯੂ. ਐਨ. ਓ. ਦੇ ਝੰਡੇ ਉਪਰ ਵੀ ਪੰਜ ਚੱਕ੍ਰ (Concentric Circle) ਹਨ, ਲੇਕਿਨ ਚਕ੍ਰ ਦੀ ਫ਼ਿਲਾਸਫ਼ੀ ਉਨ੍ਹਾਂ ਤੋਂ ਵਧੇਰੇ ਸਾਰਥਿਕ ਹੈ। ਚਕ੍ਰ ਇਸ ਗੱਲ ਦਾ ਸੰਦੇਸ਼ ਦਿੰਦਾ ਹੈ ਕਿ ਖ਼ਾਲਸਾ ਸਾਰੇ ਵਿਸ਼ਵ ਲਈ ਹੈ, ਉਸ ਨੂੰ ਕਿਸੇ ਇਕ ਟੁਕੜੇ ਲਈ ਨਹੀਂ ਬਣਾਇਆ ਗਿਆ, ਉਹ ਸੰਸਾਰ ਲਈ ਹੈ। ਖ਼ਾਲਸਾ ਸਰਬਤ ਦਾ ਭਲਾ ਲੋਚਦਾ ਹੈ। ਕਿਸੇ ਵੀ ਕਿਸਮ ਦੇ ਵਿਤਕਰੇ ਨੂੰ ਖ਼ਾਲਸਾ ਪ੍ਰਵਾਨ ਨਹੀਂ ਕਰਦਾ, ਨ ਰੰਗ ਦਾ ਨ ਨਸਲ ਦਾ, ਨ ਜਾਤ ਦਾ ਨ ਜਿਨਸ ਦਾ; ਨ ਧਰਮ ਦਾ ਨ ਕਰਮ ਦਾ। ਚੌਥਾ ਚਿੰਨ੍ਹ ਖੰਡਾ ਹੈ, ਜੋ ਅੰਮ੍ਰਿਤ ਦੇ ਆਦਰਸ਼ਾਂ ਦਾ ਪ੍ਰਤੀਕ ਹੈ। ਬਾਂਣੀ ਤੇ ਖੰਡਾ ਇਕ-ਸੁਰ ਹੋ ਕੇ ਅੰਮ੍ਰਿਤ ਦੀ ਧਾਰ ਵਗਾਂਦੇ ਹਨ ਜੋ ਸਿਖ ਨੂੰ ਖਾਲਸਈ ਸਪਿਰਿਟ ਬਖ਼ਸ਼ਦੀ ਹੈ। ਖੰਡੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਪਹਿਲੀ ਰਚਨਾ ਮੰਨਿਆ ਹੈ:

ਖੰਡਾ ਪ੍ਰਿਥਮੈ ਸਾਜਿ ਕੈ
ਜਿਨ ਸਭ ਸੈਸਾਰੁ ਉਪਾਇਆ ॥

[ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦

ਇਸ ਲਈ ਖੰਡਾ ਅਕਾਲ ਪੁਰਖ ਦੀ ਸਿਰਜਨਾ-ਤਮਕ ਸ਼ਕਤੀ ਦਾ ਪ੍ਰਤੀਕ ਮੰਨਿਆ ਗਿਆ ਹੈ। ਪੰਜਵਾਂ ਚਿੰਨ੍ਹ "੧ਓ" ਹੈ ਜੋ ਮੂਲ ਮੰਤਰ ਦੇ ਆਦਰਸ਼ਾਂ—ਏਕਤਾ, ਸੱਚਾਈ, ਉਸਾਰੂ ਸੁਭਾਅ, ਨਿਰਭਉ ਨਿਰਵੈਰ ਮਨੋਬ੍ਰਿਤੀ, ਅਬਿਨਾਸ਼ੀ ਸੁੰਦਰਤਾ, ਸੁਤੰਤਰਤਾ ਅਤੇ ਗਿਆਨ ਤੇ ਪ੍ਰਸਾਦਿ ਦਾ ਸੰਦੇਸ਼ ਦਿੰਦਾ ਹੈ। ਨਿਸ਼ਾਨ ਸਾਹਿਬ ਇਨ੍ਹਾਂ ਖਾਲਸਈ ਆਦਰਸ਼ਾਂ ਤੇ ਸਿਖਰਾਂ ਦਾ ਲਖਾਇਕ ਹੈ।

( ੪ )

ਕਲਗੀਧਰ ਪਾਤਸ਼ਾਹ ਦੇ ਜੋਤੀ ਜੋਤਿ ਸਮਾਣ ਤੋਂ ਬਾਅਦ ਖ਼ਾਲਸੇ ਤੇ ਲਗਾਤਾਰ ਬਿਖੜਾ ਸਮਾਂ ਆਇਆ, ਲੇਕਿਨ ਕੇਸਰੀ ਨਿਸ਼ਾਨ ਸਾਹਿਬ ਦੇ



www.AKJ.Org

ਸ ਇਆ ਦੇ ਤਲੇ ਅਮਰ ਖ਼ਾਲਸਾ ਜੂਝਦਾ ਰਿਹਾ। ਸਮਾਂ ਬਦਲਿਆ, ਸਿੰਘਾਂ ਦਾ ਬੋਲ ਬਾਲਾ ਹੋ ਗਿਆ; ਥਾਂ ਥਾਂ ਕੇਸਰੀ ਨਿਸ਼ਾਨ ਸਾਹਿਬ ਝੂਲਣ ਲੱਗੇ ਅਤੇ ਨਾਨਕ ਸ਼ਾਹੀ ਸਿੱਕੇ* ਚਲੇ। ਇਕ ਦਿਨ ਮਹਾਰਾਜਾ ਰਣਜੀਤ ਸਿੰਘ ਤੋਂ ਅੰਗਰੇਜ਼ ਬੈਰਨ ਨੇ ਪੁਛਿਆ, "ਤੁਹਾਡਾ ਵਜ਼ੀਰ ਕੌਣ ਹੈ?" ਸ਼ੇਰੇ ਪੰਜਾਬ ਨੇ ਜੁਆਬ ਦਿਤਾ, "ਮੈਂ ਹਾਂ।" ਅੰਗਰੇਜ਼ ਦਾ ਅਗਲਾ ਸੁਆਲ ਸੀ, "ਫਿਰ ਰਾਜਾ ਕੌਣ ਹੈ?" ਤਾਂ ਰਣਜੀਤ ਸਿੰਘ ਨੇ ਕਿਹਾ, "ਰਾਜਾ ਹੈ ਗੁਰੂ ਨਾਨਕ, ਪਾਤਸ਼ਾਹ ਉਹੀਓ ਹੁੰਦਾ ਹੈ ਜਿਸ ਦੇ ਨਾਂ ਦਾ ਸਿੱਕਾ ਚਲੇ। ਮੈਂ ਗੁਰੂ ਨਾਨਕ ਸਾਹਿਬ ਦਾ ਅਧਮ ਸੇਵਕ ਹਾਂ ਤੇ ਹਰ ਵੇਲੇ ਉਨ੍ਹਾਂ ਦੇ ਹੁਕਮ ਵਿਚ ਲੱਕ ਬੰਨ੍ਹੀ ਹਾਜ਼ਰ ਰਹਿੰਦਾ ਹਾਂ। ਗੁਰੂ ਮਹਾਰਾਜ ਦੀ ਅਪਾਰ ਕਿਰਪਾਲਤਾ ਹੈ ਕਿ ਉਹ ਮੈਥੋਂ ਪੰਥ ਦੀ ਸੇਵਾ ਕਰਵਾ ਰਹੇ ਹਨ। ਮੈਂ ਗੁਰੂ ਨਾਨਕ ਸਾਹਿਬ ਦੇ ਦਰ ਦਾ ਕੂਕਰ ਹਾਂ, ਪਾਤਿਸ਼ਾਹ ਸਤਿਗੁਰੂ ਆਪ ਹਨ।"

ਸਮੇਂ ਨੇ ਫਿਰ ਪਲਟਾ ਖਾਧਾ।ਲਾਹੌਰ ਦਰਬਾਰ ਵਿਚ ਡੋਗਰਿਆਂ ਦੀਆਂ ਸਾਜ਼ਸ਼ਾਂ ਦਾ ਜਾਲ ਵਿਛ ਗਿਆ। ਮਹਾਰਾਜਾ ਖੜਗ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਮਾਰੇ ਗਏ। ੨੦ ਜਨਵਰੀ, ੧੮੪੧ ਈ: ਨੂੰ ਲਾਹੌਰ ਦੇ ਤਖ਼ਤ ਤੇ ਮਹਾਰਾਜਾ ਸ਼ੇਰ ਸਿੰਘ ਬੈਠਿਆ, ਜਿਸ ਨੇ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਆਪਣੇ ਨਾਂ ਦਾ ਸਿੱਕਾ ਚਲਾਇਆ। ਗੁਰੂ-ਪੰਥ ਨੂੰ ਇਹ ਸਿੱਕਾ ਪ੍ਰਵਾਨ ਨਹੀਂ ਸੀ, ਪ੍ਰੰਤੂ ਸ਼ੇਰ ਸਿੰਘ ਆਪਣੀ ਜ਼ਿੱਦ ਕਰਕੇ ਕਿਸੇ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਸੀ। ਵੈਸਾਖੀ ਵਾਲੇ ਦਿਨ ਅੰਮ੍ਰਿਤਸਰ ਸਾਹਿਬ ਸਰਬੱਤ ਖਾਲਸੇ ਦਾ ਇਕੱਠ ਹੋਇਆ। ਮਹਾਰਾਜਾ ਸੇਰ ਸਿੰਘ ਨੇ ਪਰਵਾਨਗੀ ਲਈ ਸਿੱਕਾ ਭੇਜਿਆ, ਪ੍ਰੰਤੂ ਸਰਬੱਤ ਖਾਲਸੇ ਨੇ ਗੁਰਮਤਾ ਕਰ ਕੇ ਉਸ ਨੂੰ ਨਾਮਨਜ਼ੂਰ ਕਰ ਦਿਤਾ। ਮਹਾਰਾਜਾ ਸ਼ੇਰ ਸਿੰਘ ਦੇ ਭੇਜੇ ਹੋਏ ਬੰਦੇ ਝਗੜਾ ਕਰਨ ਲੱਗੇ, ਤਾਂ ਉਸ ਵੇਲੇ ਐਸਾ ਕੌਤਕ ਵਰਤਿਆ ਕਿ ਅਕਾਲ ਬੁੰਗੇ ਦੇ ਸਾਹਮਣੇ ਗਡੇ ਹੋਏ ਦੋਨਾਂ ਨਿਸ਼ਾਨ ਸਾਹਿਬਾਂ ਦੇ ਚਾਰ ਟੁਟੜੇ ਹੋ ਕੇ ਸਰੋਵਰ ਵਿਚ ਡਿੱਗ ਗਏ। ਲਾਹੌਰ ਦਰਬਾਰ ਦੀਆਂ ਖਬਰਾਂ ਦੇ ਵਿਚ ਇਸ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ:

"ਅੰਮ੍ਰਿਤਸਰੋਂ ਖਬਰ ਆਈ ਹੈ ਕਿ ਗੁਰਦਵਾਰੇ ਦਾ ਝੰਡਾ ਸਾਹਿਬ ਡਿੱਗ ਪਿਆ ਹੈ। ਸਰਕਾਰ (ਮਹਾਰਾਜਾ ਸ਼ੇਰ ਸਿੰਘ) ਨੇ ਕਿਹਾ ਕਿ ਜਦ ਅੰਮ੍ਰਿਤਸਰ ਜੀ ਜਾਵਾਂਗੇ ਤਾਂ ਚੜ੍ਹਾਵਾ ਚਾੜ੍ਹ ਦੇਵਾਂਗੇ।"†

ਉਪਰੋਕਤ ਘਟਨਾ ਦਾ ਭਾਵ ਇਹ ਹੈ ਕਿ ਜਦੋਂ ਕੋਈ ਕੌਮ ਆਪਣੇ ਆਦਰਸ਼ਾਂ ਨਾਲੋਂ ਟੁਟ ਜਾਏ ਤਾਂ ਨਿਸਚੇ ਹੀ ਉਸ ਦੀ ਸ਼ਕਤੀ ਖੇਰੂੰ ਖੇਰੂੰ ਹੋ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ "ਜਾਨ ਤੇ ਪ੍ਰਾਣਾਂ ਤੋਂ" ਵਧ ਪਿਆਰੇ ਖਾਲਸੇ ਨੂੰ ਚਿਤਾਵਨੀ ਦਿੰਦਿਆਂ ਕਿਹਾ ਸੀ:

ਜਬ ਲਗ ਖ਼ਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨ ਕਰੋਂ ਇਨ ਕੀ ਪ੍ਰਤੀਤ ॥
[ਸਰਬ ਲੋਹ ਗ੍ਰੰਥ 'ਚੋਂ

* ਵਿਸਾਖੀ ਸੰਮਤ ੧੮੫੮ (੧੨ ਅਪ੍ਰੈਲ ੧੮੦੧ ਈ:) ਜਦੋਂ ਬਾਬਾ ਸਾਹਿਬ ਸਿੰਘ ਬੇਦੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਦਰਬਾਰ ਵਿਚ ਤਿਲਕ ਲਗਾਇਆ, ਤਾਂ ਉਸ ਦ੍ਰਿਨ ਸਿਖ ਰਾਜ ਦਾ ਦੂਜਾ ਸਿੱਕਾ (ਬੰਦਾ ਸਿੰਘ ਬਹਾਦਰ ਤੋਂ ਬਾਅਦ) ਚਲਾਇਆ ਗਿਆ। ਸਿੱਕੇ ਦੇ ਇਕ ਪਾਸੇ ਲਿਖਿਆ ਹੋਇਆ ਸੀ:—
ਦੇਗੋ ਤੇਗੋ ਫਤਹ ਨੁਸਰਤ ਬੇਦਰੰਗ ॥
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥
ਦੂਜੇ ਪਾਸੇ ਲਿਖਿਆ ਸੀ:
ਦਾਰਲ ਸਲਤਨਤ ਲਾਹੌਰ ॥
ਸੰਮਤ ੧੮੫੮ ਮੇਮੀਨਤ ਮਾਨੌਸ ॥

† ਲਾਹੌਰ ਦੀਆਂ ਖਬਰਾਂ, ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਪੰ: ੪੯੯, ਸੰਪਾਦਕ ਹੀਰਾ ਸਿੰਘ 'ਦਰਦ' (ਸ਼੍ਰੋ: ਗੁ: ਪਰਬੰਧਕ ਕਮੇਟੀ, ਅੰਮ੍ਰਿਤਸਰ)।



www.AKJ.Org

ਖ਼ਾਲਸਾ ਪੰਥ ਰੋਜ਼ ਅਰਦਾਸ ਵਿਚ ਜੁੜ ਕੇ ਅਕਾਲ ਪੁਰਖ ਅਗੇ ਇਸ ਦਾਨ ਦੀ ਮੰਗ ਕਰਦਾ ਹੈ ਕਿ ਸਾਡੇ ਝੰਡੇ ਜੁੱਗੋ ਜੁੱਗ ਅਟੱਲ ਰਹਿਣ। ਇਸ ਦੀ ਮਹਾਨਤਾ ਨੂੰ ਸਮਝਣ ਵਾਲੇ ਗੁਰਸਿੱਖ ਨਿਸ਼ਾਨ ਸਾਹਿਬ ਦੀ ਵੀ ਪ੍ਰਕਰਮਾ ਕਰਦੇ ਹਨ ਜਿਵੇਂ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਜਾਂ ਦਰਬਾਰ ਸਾਹਿਬ ਦੀ ਪ੍ਰਕਰਮਾ ਕਰਦੇ ਹਨ। ਪ੍ਰਕਰਮਾ ਕਰਨ ਤੋਂ ਭਾਵ ਇਹੀ ਹੈ ਕਿ ਅਸੀਂ ਨਿਸ਼ਾਨ ਸਾਹਿਬ ਦੇ ਆਦਰਸ਼ਾਂ ਅਨੁਸਾਰ ਜੀਵਨ ਬਤੀਤ ਕਰਨ ਦਾ ਪ੍ਰਣ ਲੈਂਦੇ ਹਾਂ। ਨਿਸ਼ਾਨ ਸਾਹਿਬ ਦੀ ਤਾਬਿਆ ਰਹਿ ਕੇ ਹੀ ਖਾਲਸਾ ਕੌਮ ਨੇ ਵਧਣਾ ਫੁਲਣਾ ਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਵਿਚਰਨਾ ਹੈ। ਖਾਲਸੇ ਦਾ ਤੇਜ ਪ੍ਰਤਾਪ ਇਸ ਝੰਡੇ ਦੀ ਬਰਕਤ ਨਾਲ ਹੀ ਰਹਿਣਾ ਹੈ। ਅਣਖ ਵਾਲੀਆਂ ਕੌਮਾਂ ਕਦੇ ਵੀ ਆਪਣੇ ਝੰਡੇ ਨੀਵੇਂ ਨਹੀਂ ਹੋਣ ਦਿੰਦੀਆਂ। ਅਜ ਵੈਸਟਰਨ ਹੈਮੀਸਫ਼ੀਅਰ (Western Hemisphere) ਦੇ ਵਿਚ ਲਖਾਂ ਹੀ ਅੰਗਰੇਜ਼ ਸਿੰਘ ਸੱਜ ਕੇ ਸਿੱਖੀ ਦੇ ਝੰਡੇ ਝੁਲਾ ਰਹੇ ਹਨ। ਖਾਲਸੇ ਦੇ ਕੇਸਰੀ ਝੰਡੇ ਨੇ ਸਾਰੇ ਸੰਸਾਰ ਤੇ ਲਹਿਰਾਉਣਾ ਹੈ, ਜਦੋਂ "ਹਲੇਮੀ ਰਾਜ" ਰਾਜ ਦਾ ਮਾਹੌਲ ਪੈਦਾ ਹੋ ਜਾਏਗਾ। ਖਾਲਸਾ ਇਸ ਦੇ ਲਈ ਹਮੇਸ਼ਾ ਇਹੀ ਆਵਾਜ਼ ਬੁਲੰਦ ਕਰੇ—

ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ ॥

## ਪੰਜੇ ਸਾਹਿਬ ਦਾ ਸ਼ਹੀਦੀ ਸਾਕਾ

[ਵਲੋਂ— ਗਿ: ਪ੍ਰਤਾਪ ਸਿੰਘ ਜੀ, ਐਡੀਟਰ "ਗਿਆਨ ਅੰਮ੍ਰਿਤ" ਸ੍ਰੀ ਅੰਮ੍ਰਿਤਸਰ]

ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਫੌਜੀ ਪਿਨਸ਼ਨੀਆਂ ਦਾ ਇਕ ਜਥਾ ਵੀ ਗ੍ਰਿਫ਼ਤਾਰ ਹੋਇਆ ਸੀ। ਇਸ ਜਥੇ ਦੇ ਮੁਖੀ ਸੂਬੇਦਾਰ ਅਮਰ ਸਿੰਘ ਜੀ ਧਾਲੀਵਾਲ ਰਿਆਸਤ ਕਪੂਰਥਲਾ ਸਨ। ਮੀਤ ਜਥੇਦਾਰ ਮਾਸਟਰ ਚਤਰ ਸਿੰਘ ਹਵਾਲਦਾਰ ਪਲਟਨ ਨੰਬਰ ੧੯ ਸਨ।

ਇਸ ਜਥੇ ਨੂੰ ਅਸਲਮ ਹਯਾਤ ਖ਼ਾਂ ਮੈਜਿਸਟ੍ਰੇਟ ਨੇ ਢਾਈ ਸਾਲ ਕੈਦ ਸਖ਼ਤ ਤੇ ਇਕ ਇਕ ਸੌ ਰੁਪਏ ਜੁਰਮਾਨੇ ਦੀ ਸਜ਼ਾ ਦਿਤੀ। ਇਸ ਜਥੇ ਨੂੰ ੨੯ ਅਕਤੂਬਰ ਰਾਤ ਦੀ ਗੱਡੀ ਸ੍ਰੀ ਅੰਮ੍ਰਿਤਸਰ ਤੋਂ ਅਟਕ ਜੇਲ੍ਹ ਨੂੰ ਭੇਜਿਆ ਗਿਆ। ਰਸਤੇ ਵਿਚ ਗੁਜਰਾਂ ਵਾਲਾ ਦੀ ਸੰਗਤ ਨੇ ਭਰਾਵਾਂ ਦੀ ਸੇਵਾ ਕੀਤੀ।

੩੦ ਅਕਤੂਬਰ ੧੯੨੨ ਨੂੰ ਦੁਪਹਿਰ ਪਿਛੋਂ ਇਹ ਗੱਡੀ ਰਾਵਲਪਿੰਡੀ ਤੋਂ ਅਟਕ ਨੂੰ ਰਵਾਨਾ ਹੋਈ। ਰਸਤੇ ਵਿਚ ਗੁਰਦਵਾਰਾ ਪੰਜਾ ਸਾਹਿਬ ਸੀ। ਜਦ ਉਥੋਂ ਦੀ ਸੰਗਤ ਨੂੰ ਗਡੀ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਫੌਜੀ ਸਿੰਘਾਂ ਨੂੰ ਜਲ ਪਾਣੀ ਛਕਾਣ ਦਾ ਉਦਮ ਕਰਨਾ ਸ਼ੁਰੂ ਕਰ ਦਿਤਾ। ਪਰ ਸਟੇਸ਼ਨ-ਮਾਸਟਰ ਨੇ ਮੁਖੀਆਂ ਨੂੰ ਦਸਿਆ ਕਿ ਗੱਡੀ ਪੰਜੇ ਸਾਹਿਬ ਖੜੀ ਨਹੀਂ ਹੋਵੇਗੀ। ਇਹ ਗਲ ਸੁਣ ਕੇ ਸੰਗਤ ਨੂੰ ਬੜੀ ਨਿਰਾਸਤਾ ਹੋਈ। ਪਰ ਕਾਫੀ ਸੰਗਤ ਪ੍ਰਸ਼ਾਦ, ਫਲ, ਦੁਧ ਆਦਿਕ ਲੈ ਕੇ ਸਟੇਸ਼ਨ ਤੇ ਪੁਜ ਗਈ।

ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਨੇ ਸੰਗਤ ਨੂੰ ਕਿਹਾ, "ਗੱਡੀ ਜ਼ਰੂਰ ਖੜੀ ਹੋਵੇਗੀ। ਅਸੀਂ ਆਪਣੇ ਵੀਰਾਂ ਨੂੰ ਪ੍ਰਸ਼ਾਦ ਤੇ ਦੁਧ ਛਕਾਵਾਂਗੇ।"

ਰਾਵਲਪਿੰਡੀ ਤੋਂ ਗੱਡੀ ਚਲ ਕੇ ਪੰਜੇ ਸਾਹਿਬ ਪੁਜ ਗਈ। ਸਟੇਸ਼ਨ ਮਾਸਟਰ ਨੇ ਲਾਈਨ ਕਲੀਅਰ ਦਿਤਾ ਹੋਇਆ ਸੀ। ਗੱਡੀ ਖੜੀ ਹੋਣ ਦੀ ਕੋਈ ਆਸ ਨਹੀਂ ਸੀ ਇਹ ਵੇਖ ਕੇ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਗੱਡੀ ਖੜੀ ਕਰਨ ਲਈ ਰੇਲਵੇ ਲਾਈਨ ਵਿਚ ਲੇਟ ਗਏ। ਡਰਾਈਵਰ ਨੇ ਬਥੇਰੇ ਵਿਸਲ ਦਿਤੇ, ਪਰ ਉਹ ਸੂਰਮੇ ਪਟੜੀ ਤੋਂ ਨਾ ਉਠੇ। ਅਖੀਰ ਇੰਜਣ ਉਨ੍ਹਾਂ ਦੀਆਂ ਹੱਡੀਆਂ ਨੂੰ ਚੂਰ ਕਰਦਾ ਹੋਇਆ ਲੰਘ ਗਿਆ। ਦੋਹਾਂ ਦੇ ਸਰੀਰ ਪਿੰਜੇ ਗਏ। ਗੱਡੀ ਖੜੀ ਹੋ ਗਈ। ਦੋਵੇਂ ਸ਼ਹੀਦ ਅਜੇ ਸਿਸਕਦੇ ਸਨ। ਜਦ ਉਨ੍ਹਾਂ ਨੂੰ ਇੰਜਣ ਦੇ ਪਹੀਏ ਚੋਂ ਕਢਿਆ ਗਿਆ ਤਾਂ ਦਮ ਤੋੜਦੇ ਹੋਏ ਉਨ੍ਹਾਂ ਕਿਹਾ, "ਗੱਡੀ ਵਿਚ ਬੈਠੇ ਵੀਰਾਂ ਦੀ ਸੇਵਾ ਕਰ ਲਓ, ਫਿਰ ਸਾਡੀ ਸੰਭਾਲ ਕਰ ਲੈਣੀ।" ਇਹ ਆਖ ਕੇ ਉਹ ਦੋਵੇਂ ਗੁਰਪੁਰੀ ਜਾ ਬਿਰਾਜੇ।

ਸਾਰੀ ਸੰਗਤ ਤੇ ਫੌਜੀ ਜਥੇ ਨੇ ਸ਼ਹੀਦ ਭਰਾਵਾਂ ਦੇ ਸਦੀਵੀ ਵਿਛੋੜੇ ਦਾ ਬੜਾ ਵੈਰਾਗ ਕੀਤਾ। ਉਸ ਦਰਦਨਾਕ ਨਜ਼ਾਰੇ ਨੂੰ ਵੇਖ ਕੇ ਕਿਸੇ ਕੀ ਛਕਣਾ ਸੀ? ਗੱਡੀ ਅਟਕ ਨੂੰ ਤੁਰ ਗਈ। ਭਾਈ ਕਰਮ ਸਿੰਘ ਤੇ ਪ੍ਰਤਾਪ ਸਿੰਘ ਭਰਾਵਾਂ ਦੀ ਸੇਵਾ ਬਦਲੇ ਆਪਾ ਵਾਰ ਕੇ ਗੁਰ ਚਰਨਾਂ ਵਿਚ ਜਾ ਬਿਰਾਜੇ। ਉਹਨਾਂ ਦੀ ਬੇਮਿਸਾਲ ਕੁਰਬਾਨੀ ਅਕਾਲੀ ਲਹਿਰ ਦੇ ਇਤਿਹਾਸ ਵਿਚ ਇਸ ਤਰਾਂ ਚਮਕਦੀ ਰਹੇਗੀ ਜਿਵੇਂ

www.AKJ.Org

# ਸਭ ਤੇ ਵਡਾ ਸਤਿਗੁਰ ਨਾਨਕੁ

## ਸ੍ਰੀ ਗੁਰੂ ਨਾਨਕ-ਮਿਸ਼ਨ ਅਸੀਂ ਅਤੇ ਸਾਡੀ ਲੀਡਰਸ਼ਿਪ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ੭੫/੩, ਮੁਲੰਡ ਕਾਲੋਨੀ, ਬਬੇ-੮੨]

ਪਿਛਲੇ ਮਹੀਨੇ 'ਸੂਰਾ' ਮਾਸਕ ਪੱਤਰ ਵਿਚ ਇਸ ਲੇਖ ਦੀ ਪਹਿਲੀ ਕਿਸ਼ਤ ਦਿਤੀ ਗਈ ਸੀ। ਇਸ ਲੇਖ ਵਿਚ ਬੇਅੰਤ ਸਮਾਂ ਪਹਿਲਾਂ ਦੇ—ਸਤਿਜੁਗ, ਤ੍ਰੇਤਾ ਅਤੇ ਦੁਆਪਰ ਦੇ—ਅਵਤਾਰਾਂ, ਰਿਸ਼ੀਆਂ ਮੁਨੀਆਂ ਅਤੇ ਹਜ਼ਾਰਾਂ ਵਰ੍ਹੇ ਪਹਿਲੋਂ ਦੇ ਵਲੀਆਂ ਪੈਗੰਬਰਾਂ ਦੇ ਸ੍ਰੀ ਗੁਰੂ ਨਾਨਕ ਨਿਰੰਕਾਰੀ ਦੀ ਮਹਾਨ ਸ਼ਖ਼ਸੀਅਤ ਦੇ ਕਲਜੁਗ ਵਿਚ ਪ੍ਰਗਟ ਹੋਣ ਦੇ ਬਾਰੇ ਭਵਿਖਤ ਵਾਕ ਦੇ ਕੇ "ਵਡੇ ਪੁਰਖ" ਦੀ ਮਹਾਨਤਾ ਅਤੇ ਵਡਿਆਈ ਦਰਸਾਈ ਹੋਈ ਹੈ।

ਹੁਣ ਅਸੀਂ ਇਸ ਦੂਜੀ ਕਿਸ਼ਤ ਵਿਚ ਹੋਰ ਹੋਰ ਪੇਸ਼ੀਨਗੋਈਆਂ ਦੇਣ ਦੀ ਥਾਂ, ਇਸ ਲੇਖ ਦਾ ਦੂਜਾ ਪਹਿਲੂ ਦੇ ਰਹੇ ਹਾਂ।

ਅਜ ਅਸਾਂ ਗੁਰੂ ਨਾਨਕ ਨਾਮ-ਲੇਵਾ ਸਿਖ ਅਖਵਾਉਣ ਵਾਲਿਆਂ ਨੇ ਆਪਣੇ ਅੰਦਰ ਝਾਤੀ ਮਾਰ ਕੇ ਵੇਖਣਾ ਹੈ ਕਿ ਕੀ ਅਸੀਂ ਗੁਰੂ-ਬਾਬੇ ਦੇ ਪੂਰਨਿਆਂ ਤੇ ਚਲ ਕੇ ਸਿਖੀ ਦੀ ਸੋਭਾ ਵਧਾ ਰਹੇ ਹਾਂ ਜਾਂ ਸਾਡੀ ਕਰਣੀ-ਕਰਤੂਤ ਸਿਖੀ ਦੇ ਸਵੱਛ ਨਾਮ ਉਤੇ ਧੱਬੇ ਪਾ ਰਹੀ ਹੈ ! ਲੇਖਕ ਅਨੁਸਾਰ ਸਭ ਤੋਂ ਵਧ ਤਰਸ-ਯੋਗ ਹਾਲਤ ਐਸ ਵੇਲੇ ਸਿਖ-ਲੀਡਰ-ਸ਼ਿਪ ਦੀ ਹੈ, ਜੋ ਸਿਖੀ ਪਰਚਾਰ ਕਰ ਕੇ ਸਿਖੀ ਤੋਂ ਦੂਰ ਜਾ ਰਹੇ ਭੁਲੜ ਸਜਣਾਂ ਨੂੰ ਸ਼ੁਭ ਪ੍ਰੇਰਨਾ ਦੇਣ ਦੀ ਬਜਾਏ ਆਪੋ ਆਪਣੇ ਸੁਆਰਥ ਅਧੀਨ ਆਪਸ ਵਿਚ ਉਲਝ ਕੇ ਸਿਖ ਪੰਥ ਨੂੰ ਬਦਨਾਮ ਕਰ ਰਹੇ ਹਨ। ਸਦ ਅਫ਼ਸੋਸ ! —ਸੰਪਾਦਕ

ਕਲਜੁਗ ਵਿਚ ਗੁਰੂ ਨਾਨਕ ਪਾਤਸ਼ਾਹ ਦਾ ਪਹਿਰਾ ਹੈ ਤੇ ਇਸ ਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰਸਾਇਆ ਰਾਹ ਹੀ ਸੰਸਾਰ ਲਈ ਕਲਿਆਣਕਾਰੀ ਹੈ, ਹੋਰ ਕੋਈ ਰਸਤਾ ਇਤਨਾ ਉਪਯੋਗੀ ਨਹੀਂ ਹੋ ਸਕਦਾ।

ਅਜ ਅਸੀਂ ਵੇਖ ਰਹੇ ਹਾਂ ਕਿ ਸੰਸਾਰ ਵਿਚ ਕਿਧਰੇ ਵੀ ਸ਼ਾਂਤੀ ਨਹੀਂ, ਸੁਖ ਨਹੀਂ, ਸੰਤੋਖ ਨਹੀਂ, ਸੰਤੁਸ਼ਟਤਾ ਨਹੀਂ। ਜਿਧਰ ਦੇਖੋ ਅਫਰਾ ਤਫਰੀ, ਖੋਹਾ ਖੋਹਾਈ, ਸੁਆਰਥ, ਇਕ ਦੂਜੇ ਨੂੰ ਲੁਟ ਖਾ ਜਾਣ ਦੇ ਮਨਸੂਬੇ, ਇਕ ਦੂਜੇ ਨੂੰ ਢਾਹ ਕੇ ਆਪ ਉਸ ਤੋਂ ਅਗੇ ਲੰਘ ਜਾਣ ਦੀ ਹੋੜ, ਇਕ ਦੂਜੇ ਨੂੰ ਨੀਚਾ ਵਿਖਾ ਸਕਣ ਦੀਆਂ ਵਿਉਂਤਾਂ, ਮੌਤ ਦੇ ਘਿਨਾਉਣੇ ਰੂਪ, ਐਟਮ ਬੰਬ ਤੋਂ ਸ਼ਾਂਤੀ ਦੀਆਂ ਆਸਾਂ, ਸੰਸਾਰ ਤੇ ਮਨੁਖਤਾ ਨਾਲ ਕਿਤਨਾ ਧ੍ਰੋਹ ਕਮਾਇਆ ਜਾ ਰਿਹਾ ਹੈ।

ਸੂਰਜ ਦੇ ਪ੍ਰਕਾਸ਼ ਵਾਂਗ ਇਹ ਗੱਲ ਅਜ ਸਾਰੇ ਪਰਤੱਖ ਹੋ ਗਈ ਹੈ ਕਿ ਸੰਸਾਰ ਵਿਚ ਹੁਣ ਤੀਕ ਅਜ਼ਮਾਏ ਗਏ ਸਾਰੇ ਇਜ਼ਮ ਹੀ ਮਨੁਖਤਾ ਨੂੰ ਸ਼ਾਂਤੀ ਦੇ ਸਕਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਚੁਕੇ ਹਨ। ਸੋਸ਼ਲਿਜ਼ਮ, ਕਮਿਊਨਿਜ਼ਮ, ਇਮਪੀਰੀਅਲਇਜ਼ਮ, ਫ਼ਿਊਡ੍ਰਿਲਿਜ਼ਮ, ਤੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਇਜ਼ਮ ਇਕ ਦੂਜੇ ਦਾ ਮੂੰਹ ਚਿੜਾ ਰਹੇ ਹਨ, ਪਰ ਮਨੁੱਖਤਾ ਅਸ਼ਾਂਤੀ, ਅਸ਼ੰਤੁਸ਼ਟਤਾ, ਆਪੋ-ਧਾਪੀ, ਜਬਰ, ਜ਼ੁਲਮ, ਅਤਿਆਚਾਰ, ਸੁਆਰਥ, ਦੋ ਇਜ਼ਮਾਂ ਦੀ ਆਪੋ ਵਿਚ ਦੀ ਪਾਵਰ ਪਾਲਿਟਿਕਸ, ਤਾਕਤ ਦੀ ਦੌੜ, ਮਹਿੰਗਾਈ, ਗਰੀਬੀ, ਬੀਮਾਰੀ, ਦਲਿਦਰ ਅਤੇ



www.AKJ.Org

ਤਾਕਤ ਵਾਲਿਆਂ ਦੀ ਵਧੀਕੀ ਦੀ ਚੱਕੀ ਵਿਚ ਪਿਸਦੀ ਜਾ ਰਹੀ ਹੈ। ਯਕੀਨਨ ਅਜ ਸੰਸਾਰ ਵਿਚ ਮਨੁੱਖ ਨੂੰ ਜੇ ਕਿਤਿਉਂ ਤਸੱਲੀ, ਸੁਖ ਤੇ ਚੈਨ ਅਥਵਾ ਸ਼ਾਂਤੀ ਤੇ ਆਰਾਮ ਪ੍ਰਾਪਤ ਹੋ ਸਕਦਾ ਹੈ ਤਾਂ ਕੇਵਲ ਗੁਰੂ ਨਾਨਕ ਸਾਹਿਬ ਦੇ ਦਰਸਾਏ ਰਸਤੇ ਉਤੇ ਚਲਣ ਨਾਲ ਹੀ।

ਪਰ ਧੰਨ ਸਤਿਗੁਰੂ, ਗੁਰੂ ਨਾਨਕ ਦੇ ਮਾਰਗ ਦੇ ਪ੍ਰਚਾਰ ਦੀ ਡਿਊਟੀ ਜਿਹਨਾਂ ਲੋਕਾਂ ਉਤੇ ਹੈ ਉਹ ਆਪ ਗੁਰੂ ਨਾਨਕ ਦੇ ਮਾਰਗ ਨੂੰ ਛੋੜ ਗਏ ਹਨ, ਉਹ ਆਪ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਤੇ ਉਦੇਸ਼ ਵਿਰੁਧ ਆਪੋ ਵਿਚ ਗੁਥਮ-ਗੁਥਾ ਹੋ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਜਿਤਨਾ ਪਰਸੁਆ-ਰਥ ਸਿਖਾਂਦੇ ਹਨ, ਸ੍ਰੀ ਗੁਰੂ ਨਾਨਕ-ਪੱਥ ਦੇ ਪ੍ਰਚਾਰਕ ਉਸ ਤੋਂ ਵਧ ਆਪ ਅਪ-ਸੁਆਰਥ ਦੇ ਚਿਕੜ ਵਿਚ ਗਲ ਗਲ ਖੁਭੇ ਹੋਏ ਹਨ। ਗੁਰੂ ਨਾਨਕ ਪਾਤਸ਼ਾਹ ਦਾ ਮਾਰਗ ਜਿਤਨਾ ਪਿਆਰ ਤੇ ਤਿਆਗ ਸਿਖਾਂਦਾ ਹੈ, ਇਹ ਸ੍ਰੀ ਗੁਰੂ ਨਾਨਕ-ਮਾਰਗ ਦੇ ਪ੍ਰਚਾਰ ਦੇ ਜ਼ਿਮੇਵਾਰ ਉਤਨੇ ਹੀ ਇਕ ਦੂਜੇ ਨਾਲ ਕੀਨਾ, ਬੁਗਜ਼, ਨਫ਼ਰਤ, ਘਿਰਣਾ ਤੇ ਖੁਦਗਰਜ਼ੀਆਂ ਵਿਚ ਫਸ ਕੇ ਰਹਿ ਗਏ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਚਾਰ ਕਰਨ ਜਾਂਦੇ ਤਾਂ ਭਾਈ ਲਾਲੋ ਜਿਹਿਆਂ ਦੇ ਘਰ ਰਹਿੰਦੇ। ਆਪ ਜੀ ਮਲਕ ਭਾਗੋਆਂ ਤੋਂ ਦੂਰ ਰਹਿੰਦੇ ਸਨ। ਪਰ ਅਜ ਸ੍ਰੀ ਗੁਰੂ ਨਾਨਕ-ਮਾਰਗ ਦੇ ਪ੍ਰਚਾਰਕ ਸਾਡੇ ਨੇਤਾ, ਸਾਡੇ ਸੰਤ, ਮਹਾਂ ਪੁਰਸ਼ ਅਖਵਾਉਂਦੇ ਸਜਣ ਤਾਂ ਢੂੰਡ ਢੂੰਡ ਕੇ ਮਲਕ ਭਾਗੋਆਂ ਦੇ ਏਅਰ ਕੰਡੀਸ਼ਨ ਬੰਗਲਿਆਂ ਵਿਚ ਹੀ ਰਹਿੰਦੇ ਹਨ ਅਤੇ ਇਹਨਾਂ ਦੀਆਂ ਸਾਰੀਆਂ ਬਖਸ਼ਿਸ਼ਾਂ ਤੇ ਮਿਹਰਾਂ ਵੀ ਮੋਟੇ ਮੋਟੇ ਚੜ੍ਹਾਵੇ ਚੜ੍ਹਾਣ ਵਾਲੇ ਮਲਕ ਭਾਗੋਆਂ ਦੇ ਚੇਲਿਆਂ ਉਤੇ ਹੀ ਹੁੰਦੀਆਂ ਹਨ, ਚੜ੍ਹਾਵੇ ਨਾ ਚੜ੍ਹਾ ਸਕਣ ਵਾਲੇ ਗਰੀਬ ਕਿਰਤੀਆਂ ਉਤੇ ਨਹੀਂ ਹੁੰਦੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਮਤ ਦੀ ਸਭ ਤੋਂ ਵਡੀ ਬਦਕਿਸਮਤੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਵਿਰਸੇ ਉਤੇ ਸਿਖਾਂ ਦੇ ਨੇਤਾਵਾਂ ਦੇ ਰੂਪ ਵਿਚ ਅਖਾਉਤੀ ਸੰਤਾਂ, ਮਹੰਤਾਂ, ਮਹਾਤਮਾਵਾਂ ਦੇ ਰੂਪ ਵਿਚ ਧਰਮ ਅਸਥਾਨਾਂ, ਗੁਰਦੁਆਰਿਆਂ, ਸਿਖ ਸਟੇਜਾਂ ਤੇ ਪਰਚਾਰ ਦੇ ਸਿਖ ਸਾਧਨਾਂ ਉਤੇ ਕਾਬਜ਼ਾਂ ਦੇ ਰੂਪ ਵਿਚ ਅਜਿਹੇ ਸਜਣਾਂ ਦਾ ਅਜ ਕਬਜ਼ਾ ਹੋ ਗਿਆ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਗ ਦਾ ਪ੍ਰਚਾਰ ਕਰਨਾ ਜਿਹਨਾਂ ਦੇ ਵਸ ਦਾ ਰੋਗ ਬਿਲ-ਕੁਲ ਨਹੀਂ ਹੈ। ਇਹਨਾਂ ਲਈ ਹੀ ਸ਼ਾਇਦ ਭਾਈ ਗੁਰਦਾਸ ਜੀ ਨੇ ਕਿਹਾ ਹੈ :

ਅੰਨ੍ਹਾ ਆਗੂ ਜੇ ਥੀਐ
ਸਭੁ ਸਾਕੁ ਮੁਹਾਵੈ ॥੨॥(੩੫)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਇਸ ਮਾਰਗ ਬਾਰੇ ਦੂਜਿਆਂ ਦੀ ਰਾਇ ਤਾਂ ਇਹ ਹੈ ਕਿ:—

੧੩ ਅਪ੍ਰੈਲ ੧੯੬੯ ਨੂੰ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਨਾਨਕ ਪੰਜ ਸੌ ਸਾਲਾ ਜਨਮ ਸ਼ਤਾਬਦੀ ਦੇ ਪ੍ਰੋਗਰਾਮ ਅਰੰਭਤਾ ਸਮਾਗਮ ਵਿਚ ਬੋਲਦਿਆਂ ਸ: ਕਰਨੈਲ ਸਿੰਘ ਜੀ (ਰੇਲਵੇ ਵਾਲੇ) ਨੇ ਕਿਹਾ ਸੀ ਕਿ ਉਹਨਾਂ ਦੇ ਇਕ ਮਿਤਰ ਜੋ ਉਨ੍ਹੀਂ ਦਿਨੀਂ ਬਰਲਿਨ ਵਿਚ ਹੋਈ ਸਰਬ ਧਰਮ ਗੋਸ਼ਟੀ ਵਿਚ ਸਿਖ ਧਰਮ ਦੇ ਪ੍ਰਤੀਨਿਧ ਵਜੋਂ ਸ਼ਾਮਲ ਹੋਏ ਸਨ, ਦੀ ਚਿਠੀ ਆਈ ਹੈ, ਉਹ ਲਿਖਦੇ ਹਨ—

ਸਮੇਲਨ ਸਮਾਪਤੀ ਉਤੇ ਮੈਂ ਜਦੋਂ ਹਾਲ ਚੋਂ ਬਾਹਰ ਨਿਕਲਿਆ ਤਾਂ ਕੁਝ ਇਕ ਅੰਗਰੇਜ਼ ਪਾਦ-ਰੀਆਂ ਤੇ ਕੁਝ ਹੋਰ ਧਰਮਾਂ ਦੇ ਪਰਚਾਰਕਾਂ ਨੇ ਮੈਨੂੰ ਘੇਰ ਲਿਆ ਤੇ ਗਲ ਬਾਤ ਚੋਂ ਜਦੋਂ ਉਹਨਾਂ ਨੂੰ ਇਹ ਪਤਾ ਲਗਾ ਕਿ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਅਨੁਯਾਈ ਹਾਂ ਤਾਂ ਉਹਨਾਂ ਚੋਂ ਇਕ ਨੇ ਬੜੀ ਬੇਤਕੱਲਫੀ ਨਾਲ ਮੈਨੂੰ ਆਖਿਆ ਕਿ—

"ਤੂੰ ਤੇ ਤੇਰੇ ਸਾਰੇ ਧਰਮ-ਭਰਾ ਨਰਕਾਂ ਨੂੰ ਜਾਉਗੇ।"

ਮੈਂ ਹੈਰਾਨ ਹੋ ਕੇ ਜਦੋਂ ਇਸ ਦਾ ਕਾਰਨ ਪੁਛਿਆ ਤਾਂ ਕਹਿਣ ਲਗੇ—

"ਅਜ ਦੇ ਇਸ ਸਮੇਂ ਵਿਚ ਸ੍ਰੀ ਗੁਰੂ ਨਾਨਕ ਦਾ



www.AKJ.Org

ਸਾਰਗ ਹੀ ਕੇਵਲ ਅਜਿਹਾ ਵਾਹਿਦ ਮਾਰਗ ਹੈ ਜਿਹੜਾ ਸੰਸਾਰ ਵਿਚ ਸੁਖ, ਸ਼ਾਂਤੀ, ਸੰਤੁਸ਼ਟਤਾ, ਨਿਰਵੈਰਤਾ ਤੇ ਨਿਡਰਤਾ ਲਿਆ ਸਕਦਾ ਹੈ । ਅਜ ਸੰਸਾਰ ਦੇ ਹਰ ਦੁਖੀ ਮਨੁਖ ਦੇ ਦੁਖ ਦਾ ਦਾਰੂ ਕੇਵਲ ਸ੍ਰੀ ਗੁਰੂ ਨਾਨਕ ਦਾ ਧਰਮ ਹੈ, ਪਰ ਤੁਸਾਂ ਲੋਕਾਂ ਨੇ ਇਸ ਮਹਾਨ ਉਚ ਧਰਮ ਦੇ ਉਚ ਅਸੂਲਾਂ ਤੇ ਉਪ-ਦੇਸ਼ਾਂ ਨੂੰ ਨਿਰ-ਪ੍ਰਚਾਰ ਰਖਿਆ ਹੋਇਆ ਹੈ ਅਤੇ ਇਸ ਨੂੰ ਪੰਜਾਬੀ ਅਤੇ ਗੁਰਦੁਰਿਆਂ ਤਕ ਹੀ ਸੀਮਤ ਕਰ ਛਡਿਆ ਹੈ। ਇਸ ਆਲਮਗੀਰ ਧਰਮ ਦਾ ਪ੍ਰਕਾਰ ਨਾ ਕਰਨ ਕਰਕੇ ਹੀ ਸਾਰੇ ਸੰਸਾਰ ਵਿਚ ਅਨਾਰਕੀ ਤੇ ਅਸ਼ਾਂਤੀ ਫੈਲ ਰਹੀ ਹੈ ਅਤੇ ਇਸ ਸਭ ਦੇ ਜ਼ਿਮੇਂਵਾਰ ਤੁਸੀਂ ਹੋ, ਜਿਹੜੇ ਕਿ ਆਪਣੇ ਧਰਮ ਅਤੇ ਜ਼ਿਮੇਂਵਾਰੀ ਨਿਭਾਣ ਤੋਂ ਲਾਪਰਵਾਹ ਬੈਠੇ ਹੋ, ਇਸ ਲਈ ਤੁਸੀਂ ਸਾਰੇ ਨਰਕਾਂ ਦੇ ਭਾਗੀ ਹੋ ।''

ਕਿਤਨੀ ਸਚਾਈ ਹੈ ਉਪਰਲੇ ਕਥਨ ਵਿਚ, ਜਿਹੜੀ ਕਿ ਗ਼ੈਰ-ਸਿੱਖਾਂ, ਗ਼ੈਰ-ਭਾਰਤੀਆਂ, ਸਗੋਂ ਗ਼ੈਰ-ਏਸ਼ੀਆਈਆਂ ਨੂੰ ਤਾਂ ਦਿਸ ਪਈ ਹੈ ਪਰ ਅਫਸੋਸ ! ਗੁਰਦੁਆਰਿਆਂ ਦੀਆਂ ਗੋਲਕਾਂ ਨਾਲ ਜੋਕਾਂ ਵਾਂਗੂ ਚਮੁਟੇ ਸਾਡੇ ਸਿਖ ਨੇਤਾਵਾਂ ਅਤੇ ਸੁਆਰਥ ਤੇ ਐਸ਼ ਆਰਾਮ ਲਈ ਚਲਾ ਰਹੇ ਸਾਧ ਡੇਰਿਆਂ ਦੇ ਸਾਧਾਂ ਨੂੰ ਦਿਸ ਨਹੀਂ ਰਹੀ। ਜਾਪਦਾ ਹੈ ਕਿ ਉਨ੍ਹਾਂ ਦੀਆਂ ਅਖਾਂ ਉਤੇ ਦਾਨ ਦੇ ਧਾਨ ਦੀ ਚਰਬੀ ਚੜ੍ਹੀ ਹੋਈ ਹੈ ।

ਪਾਦਰੀਆਂ ਦੇ ਉਪਰਲੇ ਕਥਨ ਦੀ ਸਾਰਥਕਤਾ ਨੂੰ ਅਮ੍ਰੀਕਾ ਵਿਚ ਪੁਜੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਗਿਆਨ ਦੀ ਇਕੋ ਚਿਣਗ ਨੇ ਸਾਖਿਆਤ ਕਰ ਵਿਖਾਇਆ ਹੈ। ਜਿਸ ਜਿਸ ਇਲਾਕੇ ਵਿਚ ਉਥੇ ਇਹ ਚਿਣਗ ਪੁਜੀ ਹੈ ਉਥੋਂ ਦੇ ਰਹਿਣ ਵਾਲਿਆਂ ਦੇ ਜੀਵਨ ਪਲਟ ਗਏ ਹਨ। ਉਨ੍ਹਾਂ ਵਿਚ ਜੁਰਮ ਘਟ ਗਏ ਹਨ । ਉਹਨਾਂ ਇਲਾਕਿਆਂ ਵਿਚ ਸਰਕਾਰ ਦੀਆਂ ਕਈ ਵਿਕਟ ਸਮੱਸਿਆਵਾਂ ਆਪਣੇ ਆਪ ਹਲ ਹੋ ਗਈਆਂ ਹਨ। ਅਮ੍ਰੀਕਨ ਸਰਕਾਰ ਉਹਨਾਂ ਦੀ ਪ੍ਰਸੰਸਾ ਕਰ ਰਹੀ ਹੈ।

ਭਾਰਤ ਵਿਚ ਗੁਰਦੁਆਰਿਆਂ ਦੀ ਕਰੋੜਾਂ ਰੁਪਏ ਸਾਲਾਨਾ ਦੀ ਆਮਦਨੀ, ਪੰਥ ਦੇ ਮਹਾਨ ਤੇ ਸਰਬੱਤ ਪ੍ਰਚਾਰ ਵਸੀਲੇ ਅਤੇ ਆਧੁਨਿਕ ਪ੍ਰਚਾਰ ਸਾਧਨ ਉਪਲਬਧ ਹੁੰਦੇ ਹੋਇਆਂ ਵੀ ਅਜ ਪ੍ਰਚਾਰ ਦੀ ਜੋ ਹਾਲਤ ਹੈ ਉਸ ਦਾ ਸਿੱਟਾ ਸਾਡੇ ਸਾਹਮਣੇ ਹੈ।

ਪਰ ਦੂਜੇ ਬੰਨੇ ਇਕਾ ਯੋਗੀ ਹਰਭਜਨ ਸਿੰਘ ਬੇਯਾਰੋ ਮਦਦਗਾਰੀ ਦੀ ਹਾਲਤ ਵਿਚ ਇਥੋਂ ਜਾ ਕੇ, ਬਿਨਾਂ ਪੈਸੇ ਦੇ, ਤੇ ਬਿਨਾ ਕਿਸੇ ਹੋਰ ਇਥੋਂ ਵਰਗੇ ਸਾਧਨ ਦੇ ਅਜ ਹਜ਼ਾਰਾਂ ਸਜਣਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸਮਝਾ ਸਕਣ ਵਿਚ ਸਫਲ ਹੋ ਗਿਆ। ਉਸ ਦੀ ਇਹ ਕ੍ਰਿਸ਼ਮ-ਨੁਮਾ-ਸੇਵਾ ਸਾਡੇ ਪੰਥਕ ਆਗੂਆਂ ਦੇ ਮੂੰਹ ਉਤੇ ਇਕ ਭਰਪੂਰ ਚਪੇੜ ਹੈ। ਭਾਰਤ ਵਿਚ ਸਾਡੇ ਨੇਤਾਵਾਂ ਦੇ ਪ੍ਰਚਾਰ-ਯਤਨਾਂ ਦੇ ਨਤੀਜੇ ਵਜੋਂ ਅਸੀਂ ਵੇਖਦੇ ਹੀ ਪਏ ਹਾਂ ਕਿ ਕੋਈ ਗ਼ੈਰ-ਸਿਖ ਤਾਂ ਸ਼ਾਇਦ ਹੀ ਸਿਖ ਬਣਿਆ ਹੋਵੇ, ਪਰ ਹਰ ਸਾਲ ਹਜ਼ਾਰਾਂ ਸਿਖ ਪਤਿਤ ਜ਼ਰੂਰ ਹੋ ਰਹੇ ਹਨ।

ਸਾਡੇ ਪੰਜਾਹ-ਸਾਲਾ ਪ੍ਰਚਾਰ ਦਾ ਹੀ ਸਿੱਟਾ ਹੈ ਕਿ ਸਾਡੀਆਂ ਗੁਰਦਵਾਰਾ ਕਮੇਟੀਆਂ, ਧਾਰਮਿਕ ਸੰਸਥਾਵਾਂ, ਵਿਦਿਅਕ ਕਮੇਟੀਆਂ, ਗੁਰਦੁਆਰ ਬੋਰਡ, ਉਚ ਪਧਰੀ ਗੁਰਦਵਾਰਾ ਤੇ ਧਾਰਮਿਕ ਸੰਸ ਥਾਵਾਂ, ਪ੍ਰਚਾਰਕਾਂ, ਗ੍ਰੰਥੀਆਂ, ਰਾਗੀਆਂ ਤੇ ਧਰਮ ਆਗੂਆਂ ਵਿਚ ਇਕ ਤਕੜੀ ਸੰਖਿਆ ਸ਼ਰਾਬੀਆਂ, ਕਬਾਬੀਆਂ ਤੇ ਵਿਭਚਾਰੀਆਂ ਦੀ ਹੋ ਗਈ ਹੈ। ਹਰ ਸੰਸਥਾ, ਹਰ ਗੁਰਦੁਆਰਾ, ਹਰ ਵਿਦਿਅਕ ਆਸ਼ਰਮ ਸਾਡੇ ਨੇਤਾਵਾਂ ਦੀ ਤਾਕਤ-ਅਜ਼ਮਾਈ ਦਾ ਅਖਾੜਾ ਬਣ ਕੇ ਰਹਿ ਗਿਆ ਹੈ ।

ਤਾਕਤ-ਅਜ਼ਮਾਈ ਦੀ ਇਸ ਧੁਨ ਵਿਚ ਇਹਨਾਂ ਨੂੰ ਇਹ ਹੁਣ ਸੁਝ ਹੀ ਨਹੀਂ ਸਕਦਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਤਮ-ਗਿਆਨ ਨਾਲ ਸਾਰੇ ਸੰਸਾਰ ਨੂੰ ਰੁਸ਼ਨਾਣ ਦੀ ਇਹਨਾਂ ਦੀ ਜ਼ਿਮੇਂਵਾਰੀ ਹੈ। ਪਰ ਇਸ ਜ਼ਿਮੇਂਵਾਰੀ ਦਾ, ਦਾਨ ਦੇ ਧਾਨ ਨੂੰ ਖਾ ਖਾ ਕੇ ਅੰਨ੍ਹੇ ਹੋਇਆਂ ਨੂੰ ਅਹਿਸਾਸ ਨਹੀਂ ਹੈ ।

ਗੁਰੂ ਨਾਨਕ ਪਾਤਸ਼ਾਹ ਆਪ ਹੀ ਇਹਨਾਂ ਨੂੰ ਸੁਮੱਤ ਬਖਸ਼ੇ ।


www.AKJ.Org

# ਮੈਂ ਭਾਈ ਹੀਰਾ ਸਿੰਘ ਨੂੰ ਕਿਵੇਂ ਡਿੱਠਾ

[ ਵਲੋਂ—ਪ੍ਰਸਿਧ ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲੇ ]

ਮੈਨੂੰ ਪਹਿਲੀ ਵਾਰ ਮਾਨ ਯੋਗ ਪੰਥ ਦੇ ਕੀਰਤਨੀਏ ਸ੍ਰੀ ਮਾਨ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਰਾਗੀ ਦੇ ਦਰਸ਼ਨ ਮਰਦਾਨ ਵਿਚ ਹੋਏ। ਇਸ ਸਮੇਂ ਅਜੇ ਆਪ ਦੇ ਮੁਖ-ਮੰਡਲ ਪਰ ਮਸ ਨਾ ਸੀ ਫੁਟੀ। ਓਦੋਂ ਕਿਸੇ ਨੂੰ ਕੀ ਪਤਾ ਸੀ ਕਿ ਇਹ ਭੋਲਾ ਜਿਹਾ ਨੌਨਿਹਾਲ ਆਪਣੇ ਉਚ ਗੁਣਾਂ ਦੇ ਕਾਰਨ ਕਿਸੇ ਦਿਨ ਸਾਰੇ ਖਾਲਸਾ ਪੰਥ ਵਿਚ ਨਿਵਾਜਿਆ ਅਤੇ ਸਤਿਕਾਰਿਆ ਜਾਏਗਾ।

ਇਸੇ ਦਿਨ ਮਾਨਯੋਗ ਸਰਦਾਰ ਬਹਦਾਰ ਡਾਕਟਰ ਦੀਵਾਨ ਸਿੰਘ ਜੀ ਦੀ ਕੋਠੀ ਕੀਰਤਨ ਹੋਇਆ। ਕੀਰਤਨ ਦੇ ਅਰੰਭ ਵਿਚ ਆਪ ਨੇ ਸ਼ਬਦ ਲਾਇਆ—

ਤੇਰੀਆ ਸਦਾ ਸਦਾ ਚੰਗਿਆਈਆ ॥
ਮੈ ਰਾਤਿ ਦਿਹੈ ਵਡਿਆਈਆਂ ॥
ਅਣਮੰਗਿਆ ਦਾਨੁ ਦੇਵਣਾ
ਕਹੁ ਨਾਨਕ ਸਚੁ ਸਮਾਲਿ ਜੀਉ ॥ (੭੩)

ਇਸ ਸਮੇਂ ਭਾਈ ਭਾਗ ਸਿੰਘ ਜੀ ਤਾਂ ਇਸ ਯਤਨ ਵਿਚ ਸੀ ਕਿ ਮੇਰੇ ਪਹਿਲੇ ਕੀਰਤਨ ਦੇ ਹੁਨਰ ਦਾ ਪ੍ਰਭਾਵ ਸਰੋਤਿਆਂ ਦੇ ਮਨਾਂ ਪਰ ਐਸਾ ਛਾ ਜਾਏ ਕਿ ਉਹ 'ਵਾਹ ਵਾਹ' ਕਰ ਉਠਣ। ਉਹ ਆਪਣਾ ਸੱਜਾ ਹੱਥ, ਜਿਸ ਨਾਲ ਤਾਊਸ ਪਰ ਫੇਰਨ ਵਾਲਾ ਗਜ਼ ਫੜਿਆ ਹੋਇਆ ਸੀ, ਮੁੜ ਮੁੜ ਹੁਲਾਰ ਹੁਲਾਰ ਕੇ ਸੰਗਤਾਂ ਦੀ ਰੁਚੀ ਆਪਣੇ ਵਲ ਖਿਚਦੇ ਸਨ। ਪਰ ਕਾਕਾ ਹੀਰਾ ਸਿੰਘ ਜੀ ਕਿਸੇ ਹੋਰ ਰੰਗ ਵਿਚ ਸੀ। ਉਹ ਜਿਉਂ ਜਿਉਂ ਉਪ੍ਰੋਕਤ ਸ਼ਬਦ ਦੀਆਂ ਪੰਗਤੀਆਂ ਮੁਖ ਤੋਂ ਅਲਾਪਦਾ ਸੀ ਤਿਉਂ ਤਿਉਂ ਇਹ ਪਰਤੀਤ ਹੁੰਦਾ ਸੀ ਕਿ ਭਾਈ ਜੀ ਦੀ ਰਸਨਾ ਦੀ ਥਾਂ ਉਸ ਦਾ ਮਨ ਬੋਲ ਰਿਹਾ ਹੈ। ਆਪ ਦੀਆਂ ਹੰਝੂ-ਆਈਆਂ ਅੱਖਾਂ ਛਲਕ ਰਹੀਆਂ ਸਨ ਤੇ ਇਹਨਾਂ ਤੋਂ ਤ੍ਰਪ ਤ੍ਰਪ ਮੋਤੀ ਕਿਰਦੇ ਜਾਂਦੇ ਸਨ। ਇਹ ਕੀਰਤਨ ਭਾਵੇਂ ਬਹੁਤਾ ਲੰਮਾ ਨਹੀਂ ਸੀ ਹੋਇਆ, ਪਰ ਆਪ ਦੀ ਅਸਰ-ਭਰਪੂਰ ਤੇ ਮਿਠਤ ਭਰੀ ਕਥਨੀ ਸੁਣ ਕੇ, ਪਾਰਖੂ ਨਿਗਾਹ ਵਾਲਿਆਂ ਉਥੇ ਹੀ ਅਨੁਭਵ ਕਰ ਲਿਆ ਸੀ ਕਿ ਇਹ ਹੋਣਹਾਰ ਹੀਰਾ ਕਿਸੇ ਦਿਨ ਆਪਣੇ ਨਾਂ ਦੇ ਭਾਵ ਅਨੁਸਾਰ ਸਾਲਸ ਰਾਏ ਵਾਲਾ ਨਿਰਮੋਲਕ ਹੀਰਾ ਸਾਬਤ ਹੋਵੇਗਾ।

## ਬੰਦੂਕਾਂ ਦੀ ਛਾਂ ਹੇਠ ਗੁਰ ਮਰਯਾਦਾ—

ਹੋਤੀ ਵਿਚ ਕੀਰਤਨ ਕਰਦਿਆਂ ਆਪ ਨੂੰ ਅਜੇ ਥੋੜੇ ਹੀ ਦਿਨ ਹੋਏ ਸਨ ਕਿ ਇਥੇ ਇਕ ਵਿਲੱਖਣ ਘਟਨਾ ਵਾਪਰੀ। ਹੋਤੀ ਮਰਦਾਨ ਤੋਂ ੧੨ ਮੀਲ ਦੀ ਵਾਟ ਪਰ ਠੀਕ ਗ਼ੈਰ ਇਲਾਕੇ ਦੇ ਬੰਨੇ ਦੇ ਨਾਲ ਇਕ ਨਿੱਕਾ ਜਿਹਾ ਪਿੰਡ ਵਸਦਾ ਸੀ, ਜਿਸ ਦਾ ਨਾਮ ਪਸ਼ਤੋ ਵਿਚ 'ਸੜਾਚੀਨਾ (ਠੰਡਾ ਚੋਆ) ਸੀ। ਇਥੇ ਇਕ ਗਰੀਬ ਸਿਦਕੀ ਸਿੰਘ ਭਾਈ ਵਿਸਾਖਾ ਸਿੰਘ ਜੀ ਵਸਦਾ ਸੀ ਅਤੇ ਕੋਈ ੯-੧੦ ਘਰ ਅਨ-ਮਤੀਆਂ ਦੇ ਭੀ ਸਨ।

ਭਾਈ ਵਿਸਾਖਾ ਸਿੰਘ ਜੀ ਨੇ ਆਪਣੀ ਕੰਨਿਆ ਦਾ ਵਿਆਹ ਗੁਰ-ਮਰਯਾਦਾ ਅਨੁਸਾਰ ਕਰਨ ਦਾ ਪ੍ਰਣ ਕੀਤਾ। ਪਿੰਡ ਦੇ ਹੋਰਨਾਂ ਵਸਨੀਕਾਂ ਨੂੰ ਜਦ ਭਾਈ ਜੀ ਦੇ ਇਸ ਇਰਾਦੇ ਦਾ ਪਤਾ ਲਗਾ ਤਾਂ ਉਹਨਾਂ ਭਾਈ ਵਿਸਾਖਾ ਸਿੰਘ ਜੀ ਨੂੰ ਸੁਨੇਹਾ ਭੇਜਿਆ ਕਿ ਜੇ ਉਸ ਨੇ ਆਪਣੀ ਲੜਕੀ ਦਾ ਵਿਆਹ ਕਦੇ ਕਿਸੇ ਨਵੇਂ ਤਰੀਕੇ ਨਾਲ ਕਰਵਾਇਆ ਤਾਂ ਲਾੜੇ ਅਤੇ ਗੁਰ-ਮਰਯਾਦਾ ਕਰਵਾਣ ਵਾਲੇ ਨੂੰ ਗ਼ੈਰ-ਇਲਾਕੇ ਦੇ ਪਠਾਣਾਂ ਦੀਆਂ ਗੋਲੀਆਂ ਨਾਲ ਉਡਵਾ ਦੇਵਾਂਗਾ।


www.AKJ.Org

ਭਾਈ ਵਸਾਖਾ ਸਿੰਘ ਡਾਢਾ ਘਾਬਰਿਆ ਹੋਇਆ ਹੋਤੀ ਪੁਜਿਆ ਤੇ ਇਥੇ ਸੇਵਕਾਂ ਦੇ ਨੂੰ ਸਾਰੀ ਵਿਥਿਆ ਕਹਿ ਸੁਣਾਈ। ਭਾਈ ਜੀ ਦੇ ਭਰੋਸੇ ਨੂੰ ਵੇਖ ਕੇ ਹੋਤੀ ਦੇ ਸੇਵਕਾਂ ਨੇ, ਜਿਨ੍ਹਾਂ ਵਿਚ ਸਰਦਾਰ ਅਤਰ ਸਿੰਘ ਜੀ ਰਈਸ, ਸ੍ਰੀ ਮਾਨ ਡਾਕਟਰ ਦੀਵਾਨ ਸਿੰਘ ਜੀ, ਭਾਈ ਸੰਤ ਸਿੰਘ ਜੀ, ਭਾਈ ਖੇਮ ਸਿੰਘ ਜੀ ਗੜ੍ਹੀ ਕਪੂਰਾ ਅਤੇ ਦਾਸ ਵੀ ਸੀ, ਇਹ ਫੈਸਲਾ ਕੀਤਾ ਕਿ ਭਾਵੇਂ ਕੁਝ ਵੀ ਮੁਸੀਬਤ ਸਾਹਮਣੇ ਆਏ, ਇਹ ਅਨੰਦ ਕਾਰਜ ਜ਼ਰੂਰ ਗੁਰ-ਮਰਯਾਦਾ ਅਨੁਸਾਰ ਕਰਵਾਣਾ ਹੈ।

ਨਾਲ ਹੀ ਇਹ ਵੀ ਵੀਚਾਰ ਹੋਈ ਕਿ ਗੁਰਮਤਿ ਸ਼ਾਨ ਨੂੰ ਕਾਇਮ ਰਖਣ ਲਈ ਅਸੀਂ ਵੀ ੧੦ ਕੁ ਰਫਲਾਵੇਂ ਆਪਣੇ ਪਠਾਣ ਦੋਸਤਾਂ ਨੂੰ ਨਾਲ ਲੈ ਜਾਈਏ। ਸੋ ਇਸੇ ਤਰ੍ਹਾਂ ਕੀਤਾ ਗਿਆ।

## ਭਾਈ ਹੀਰਾ ਸਿੰਘ ਦਾ ਗੁਰ ਪਿਆਰ ਤੇ ਨਿਰਭੈਤਾ–

ਸਾਡੇ ਤੁਰਨ ਤੋਂ ਪਹਿਲਾਂ ਕਿਸੇ ਤਰ੍ਹਾਂ ਭਾਈ ਹੀਰਾ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲਗ ਗਿਆ। ਆਪ ਨੇ ਝਟ ਬੜੀ ਨਿਰਭੈਤਾ ਨਾਲ ਆਖਿਆ, "ਮੈਂ ਆਪ ਦੇ ਨਾਲ ਜਾਵਾਂਗਾ।" ਅਸੀਂ ਨਹੀਂ ਸਾਂ ਚਾਹੁੰਦੇ ਕਿ ਭਾਈ ਸਾਹਿਬ ਜੀ ਨੂੰ ਕਿਸੇ ਖਤਰੇ ਵਿਚ ਪਾਈਏ। ਇਸ ਲਈ ਅਸਾਂ ਇਕ ਦੋ ਵੇਰ ਗੱਲ ਟਾਲ ਦਿਤੀ। ਪਰ ਜਿਉਂ ਜਿਉ ਅਸੀਂ ਭਾਈ ਜੀ ਨੂੰ ਵਰਜਦੇ ਸਾਂ ਤਿਉਂ ਤਿਉਂ ਉਹ ਜਾਣ ਲਈ ਵਧੇਰਾ ਹੱਠ ਕਰਦੇ ਸਨ। ਛੇਕੜ ਉਹ ਸਾਡੇ ਨਾਲ ਸਣੇ ਜਥੇ ਦੇ ਜਾਣ ਲਈ ਤਿਆਰ ਹੋ ਗਏ। ਪਰ ਨਾਲ ਹੀ ਭਾਈ ਜੀ ਨੇ ਸਾਡੇ ਕੰਨ ਵਿਚ ਇਹ ਕਹਿ ਦਿਤਾ ਕਿ ਬਾਪੂ ਜੀ ਨੂੰ ਖ਼ਤਰੇ ਵਾਲੀ ਗੱਲ ਅਜੇ ਨਾ ਦਸੋ।

ਉਹਨਾਂ ਦਿਨਾਂ ਵਿਚ ਮੋਟਰਾਂ ਅਜੇ ਪਰਚਲਤ ਨਹੀਂ ਸਨ ਹੋਈਆਂ। ਸੋ ਘੋੜਿਆਂ ਤੇ ਟਾਂਗਿਆਂ ਦਾ ਪਰਬੰਧ ਕਰ ਲਿਆ ਗਿਆ। ਰਾਤੋ ਰਾਤ ਸਫਰ ਪੂਰਾ ਕਰ ਕੇ ਅੰਮ੍ਰਿਤ ਵੇਲੇ ਅਸੀਂ ਸਾਰੇ ਯਾਤ੍ਰੀ ਇਲਾਕੇ ਦੀ ਸਰਹੱਦ ਪਰ ਪਹੁੰਚ ਗਏ।

ਭਾਈ ਵਿਸਾਖਾ ਸਿੰਘ ਦੇ ਘਰ ਦੇ ਆਲੇ ਦਵਾਲੇ ਨਾਲ ਆਂਦੇ ਹੋਏ ਬੰਦੂਕਚੀ ਪਠਾਣਾਂ ਨੂੰ ਖੜਾ ਕਰ ਦਿਤਾ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਇਹ ਪਾਵਨ ਬੀੜ ਅਸੀਂ ਹੋਤੀ ਤੋਂ ਨਾਲ ਲੈ ਗਏ ਸੀ। ਭਾਈ ਹੀਰਾ ਸਿੰਘ ਜੀ ਨੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਅਰੰਭ ਦਿਤਾ। ਉਸ ਦਿਨ ਇਹ ਗੁਣਕਾਰ ਕੀਰਤਨੀਆ ਅਗੰਮੀ ਰੰਗ ਵਿਚ ਸੀ। ਕੀਰਤਨ ਮਧੁਰਤਾ ਅਤੇ ਪਿਆਰ-ਰੁਚਿਤ ਵਿਆਖਿਆ ਸਰੋਤਿਆਂ ਪਰ ਜਾਦੂ ਦਾ ਅਸਰ ਕਰ ਰਹੀ ਸੀ। ਇਸ ਅਨੰਦ ਕਾਰਜ ਨੂੰ ਆਪ ਨੇ ਸਮੇਂ ਅਨੁਸਾਰ ਆਪਣੀ ਵਸ਼ਿਸ਼ਟ ਬੁਧੀ ਅਨੁਸਾਰ ਐਸੀ ਯੋਗਤਾ ਨਾਲ ਸੰਪੂਰਨ ਕੀਤਾ ਕਿ ਦੇਖਣ ਵਾਲੇ ਗਦ ਗਦ ਹੋ ਗਏ।

## ਅਸਚਰਜ ਦ੍ਰਿਸ਼–

ਜਦ ਸ੍ਰੀ ਮਾਨ ਭਾਈ ਹੀਰਾ ਸਿੰਘ ਜੀ ਕੀਰਤਨ ਕਰ ਰਹੇ ਸਨ ਤਾਂ ਪਿੰਡ ਦੇ ਵਿਰੋਧੀ ਧੜੇ ਵਲੋਂ ਚੌਧਰੀ 'ਮਹੇਸ਼ਾ ਮਲ' ਗੁਰ-ਮਰਯਾਦਾ ਦੇ ਵਿਆਹ ਦਾ ਤਮਾਸ਼ਾ ਦੇਖਣ ਲਈ, ਜਾਂ ਖਰੂਦ ਖੜਾ ਕਰਨ ਦੀ ਭਾਵਨਾ ਨਾਲ, ਮੂੰਹ ਸਿਰ ਕੱਜ ਕੇ ਸੰਗਤ ਵਿਚ ਆ ਬੈਠਾ। ਭਾਈ ਸਾਹਿਬ ਜੀ ਦੇ ਅੰਮ੍ਰਿਤ ਕੀਰਤਨ ਤੇ ਪਵਿਤਰ ਗੁਰ-ਮਰਯਾਦਾ ਦਾ ਇਸ ਦੇ ਮਨ ਪਰ ਐਸਾ ਜਾਦੂ ਅਸਰ ਹੋਇਆ ਕਿ ਉਹ ਉਥੋਂ ਉਠ ਕੇ ਬਾਹਰ ਗਿਆ। ਫਿਰ ਥੋੜੇ ਸਮੇਂ ਵਿਚ ਆਪਣੇ ਧੜੇ ਦੇ ਹੋਰਨਾਂ ਸਾਥੀਆਂ ਨੂੰ ਨਾਲ ਲੈ ਕੇ ਦੀਵਾਨ ਵਿਚ ਆ ਗਿਆ ਤੇ ਹੱਥ ਜੋੜ ਕੇ ਸੰਗਤ ਵਿਚ ਖੜਾ ਹੋ ਗਿਆ ਅਤੇ ਕਹਿਣ ਲਗਾ ਕਿ ਜੇ ਗੁਰ-ਮਰਯਾਦਾ ਇਹ ਹੈ ਤਾਂ ਸਭ ਤੋਂ ਪਹਿਲਾਂ ਅਸੀਂ ਅੱਜ ਗੁਰ-ਮਰਯਾਦਾ ਦੇ ਧਾਰਨੀ ਹੋਣ ਦੀ ਪ੍ਰਤੱਗਿਆ ਕਰਦੇ ਹਾਂ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸਫਲਤਾ ਦਾ ਭਾਈ ਹੀਰਾ ਸਿੰਘ ਜੀ ਦੇ ਮਨ ਪਰ ਐਸਾ ਪ੍ਰਭਾਵ ਪਿਆ ਕਿ ਆਪ ਦੇ ਚਿਹਰੇ ਦੀ ਲਸ ਲਸ ਕਰਦੀ ਲਾਲੀ, ਅਝੱਲ ਨੂਰੀ ਸ਼ਕਲ ਵਿਚ ਪਲਟ ਗਈ। ਇਸ ਸਮੇਂ ਆਪ ਨੇ ਜਵਾਨੀ ਦੇ ਜੋਸ਼ ਵਿਚ ਐਸੇ ਗਰਜਵੇਂ ਜੈਕਾਰੇ ਗਜਾਏ ਜਿਨ੍ਹਾਂ ਦੀ ਗੂੰਜ ਨਾਲ ਇਥੋਂ

(ਬਾਕੀ ਦੇਖੋ ਸਫ਼ਾ ੨੭ ਦੇ ਹੇਠ)



www.AKJ.Org

# ਸਿਖ ਕੌਮ ਵਿਚ ਫੋਕਟ ਰਸਮਾਂ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ (ਗੁੜਗਾਉਂ)]

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸੋਂ ਹੀ ਗੁਰੂ-ਜੋਤਾਂ ਨੇ ਸਿਖ ਸੰਗਤਾਂ ਨੂੰ "ਏਕ ਟੇਕ ਏਕੋ ਆਧਾਰੁ" ਦਾ ਉਪਦੇਸ਼ ਦੇ ਕੇ ਪੁਰਤਾਨ ਪ੍ਰਚਲਤ ਵਾਧੂ ਬ੍ਰਾਹਮਣੀ ਰੀਤਾਂ ਰਸਮਾਂ ਦੀ ਜਿਲ੍ਹਣ 'ਚੋਂ ਕਢਿਆ ਸੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਖਾਲਸੇ ਦੀ ਸਾਜਨਾ ਕਰ ਕੇ ਗੁੜ੍ਹਤੀ ਹੀ "ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ" ਦੀ ਪਿਲਾਈ ਤੇ ਖਾਲਸੇ ਦੇ ਮਨ ਚੋਂ ਇਨ੍ਹਾਂ ਫੋਕਟ ਰਸਮਾਂ ਰਿਵਾਜਾਂ ਦੀ ਸਦਾ ਲਈ ਸਮਾਪਤੀ ਕਰ ਦਿਤੀ।

ਇਤਿਹਾਸ ਦਸਦਾ ਹੈ ਕਿ ਕੁਝ ਸਮਾਂ ਤਾਂ ਸਿੰਘਾਂ ਦਾ ਜੀਵਨ ਨਿਰੋਲ ਗੁਰਮਤਿ ਰਹਿਤ ਰਹਿਣੀ ਅਨੁਸਾਰੀ ਰਿਹਾ, ਪਰ ਅਠਾਰਵੀਂ ਸਦੀ ਦੇ ਮਧ ਕਾਲ ਸਮੇਂ ਤੋਂ ਇਹ ਬ੍ਰਾਹਮਣੀ ਰੀਤਾਂ ਰਸਮਾਂ ਫੇਰ ਸੁਰਜੀਤ ਹੋ ਗਈਆਂ। ਕਿਉਂਕਿ ਜਰਵਾਣਿਆਂ ਦੇ ਅਸਹਿ ਤੇ ਅਕਹਿ ਕਸ਼ਟਾਂ ਵਿਚੋਂ ਲੰਘਦੇ ਹੋਏ ਸਿਖ ਜੰਗਲਾਂ ਪਹਾੜਾਂ ਆਦਿ ਗੁਮਨਾਮ ਥਾਵਾਂ ਵਿਚ ਜੀਵਨ ਬਿਤਾਣ ਲਈ ਮਜਬੂਰ ਹੋ ਗਏ ਸਨ ਤੇ ਉਨ੍ਹਾਂ ਦੇ ਬਾਲ ਬੱਚੇ ਇਨ੍ਹਾਂ ਰੀਤਾਂ ਦੇ ਸ਼ਰਧਾਲੂ ਲੋਕਾਂ ਦੀ ਦੇਖ ਰੇਖ ਵਿਚ ਸਮਾਂ ਬਤੀਤ ਕਰਦੇ ਰਹੇ। ਇਸ ਕਰਕੇ ਦੇਖਾ-ਦੇਖੀ ਸਿਖ-ਪਰਵਾਰਾਂ ਵਿਚ ਵੀ ਇਹ ਗਿਰਾਵਟ ਘਰ ਕਰ ਗਈ। ਸਿਖ ਰਾਜ ਸਮੇਂ ਤਾਂ ਇਨ੍ਹਾਂ ਰਿਵਾਜਾਂ ਨੂੰ ਹੋਰ ਵਾਧੂ ਸ਼ਹਿ ਮਿਲੀ ਤੇ ਉਹ ਵੀ ਹਿੰਦੂਆਂ ਵਾਂਗ ਫੇਰ ਇਨ੍ਹਾਂ ਰਸਮਾਂ ਵਿਚ ਫਸ ਗਏ। ਸਿੰਘ ਸਭਾ ਲਹਿਰ ਦੇ ਸਮੇਂ ਕੁਝ ਜਾਗਰਤੀ ਆਈ, ਪਰ ਹੁਣ ਫੇਰ ਹਾਲਤ ਉਥੇ ਦੀ ਉਥੇ ਪੁਜ ਗਈ ਹੈ। ਇਸ ਸਮੇਂ ਸਿਖਾਂ ਦੀ ਅੱਧੀ ਤੋਂ ਵਧ ਵਸੋਂ ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਫ਼ਜ਼ੂਲ ਤੇ ਬੇਕਾਰ ਰਸਮਾਂ ਦਾ ਸ਼ਿਕਾਰ ਹੈ, ਜਿਨ੍ਹਾਂ ਵਿਚੋਂ ਖ਼ਾਸ ਖ਼ਾਸ ਰਸਮਾਂ ਹਨ : ਏਕਾਦਸੀ ਤੇ ਪੂਰਨਮਾਸ਼ੀ ਆਦਿ ਬ੍ਰਤ, ਸੂਤਰਾ, ਰਖੜੀ ਆਦਿ ਗਾਨੇ ਬੰਨ੍ਹਣੇ, ਮਾਤਾ ਦੀ ਪੂਜਾ, ਦੀਵਾਲੀ ਦੀ ਰਾਤ ਨੋਟਾਂ ਨੂੰ ਕੇਸਰ ਲਗਾਣਾ, ਅਤੇ ਵਾਰ ਕੁਵਾਰ ਦੇ ਵਹਿਮ ਆਦਿ।

ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਕਿਤੇ ਕਿਤੇ ਤਾਂ ਅੰਮ੍ਰਿਤਧਾਰੀ ਗੁਰਸਿਖਾਂ ਦੇ ਘਰਾਂ ਵਿਚ ਵੀ ਇਹ ਪੋਪ-ਲੀਲ੍ਹਾ ਦਿਖਾਈ ਦੇ ਜਾਂਦੀ ਹੈ। ਉਦਾਹਰਣ ਵਜੋਂ ਇਕ ਬੀਬੀ ਦੀ ਧਰਮ ਮਾਤਾ (ਸੱਸ) (ਜਿਸ ਦਾ ਪਤੀ ਅੰਮ੍ਰਿਤਧਾਰੀ ਹੈ ਤੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ) ਬੀਬੀ ਨੂੰ ਚਿਟੇ ਬਸਤਰ ਨਹੀਂ ਪਹਿਨਣ ਦੇਂਦੀ। ਜੇਕਰ ਉਹ ਪੇਕਿਓਂ ਲੈ ਵੀ ਜਾਵੇ ਕੋਈ ਸੁਫ਼ੈਦ ਕਪੜਾ, ਤਾਂ ਹੋਰਸ ਥਾਵੇਂ ਵਰਤਿਆ ਜਾਂਦਾ ਹੈ।

ਮੈਂ ਪਾਠਕਾਂ ਦਾ ਧਿਆਨ ਇਸ ਲੇਖ ਰਾਹੀਂ 'ਰਖੜੀ' ਜਿਹੀ ਫ਼ਾਲਤੂ ਰਸਮ ਵਲ ਦਿਵਾਉਂਦਾ ਹਾਂ, ਜਿਸ ਦਾ ਸਿਖ ਘਰਾਂ ਵਿਚ ਹਿੰਦੂਆਂ ਵਾਂਗ ਆਮ ਰਿਵਾਜ ਹੈ ਤੇ ਸਿਖ ਨੌਜੁਆਨ ਵੀ ਇਸ ਦਿਨ ਨੂੰ ਧਿਆਨ ਵਿਚ ਰਖ ਕੇ ਦੂਰ ਦੂਰ ਤੋਂ ਰਖੜੀ ਬੰਨ੍ਹਾਣ ਲਈ ਘਰਾਂ ਵਿਚ ਪੁਜਦੇ ਹਨ।

ਰਖੜੀ ਦਾ ਤਿਉਹਾਰ ਹਿੰਦੂਆਂ ਵਿਚ ਕਾਫ਼ੀ ਸਮੇਂ ਤੋਂ ਪਰਚਲਤ ਹੈ, ਇਸ ਲਈ ਇਹ ਇਕ ਨਿਰੋਲ ਹਿੰਦੂ ਤਿਉਹਾਰ ਹੀ ਆਖਿਆ ਜਾ ਸਕਦਾ ਹੈ। ਇਹ ਵੀ ਅਤਿ-ਕਥਨੀ ਨਹੀਂ ਕਿ ਇਸ ਤਿਉ-

---

(ਪਛਾ ੨੬ ਦੀ ਬਾਕੀ)

ਦੀਆਂ ਪਹਾੜੀਆਂ ਥਰੱਰ ਉਠੀਆਂ।

ਇਹ ਸੀ ਆਪ ਦੇ ਅਮੋਲਕ ਕੀਰਤਨ ਦਾ ਅਸਰ, ਜਿਸ ਦੇ ਸੁਣਨ ਨਾਲ ਕਟੜ ਵਿਰੋਧੀਆਂ ਦਾ ਸਾਰਾ ਪਿੰਡ ਅਤੇ ਉਸ ਦੇ ਵਾਸੀ ਜਿਹੜੇ ਗੁਰ-ਮਰਯਾਦਾ ਕਰਨ ਵਾਲਿਆਂ ਨੂੰ ਗੋਲੀ ਨਾਲ ਉਡਾਉਣਾ ਚਾਹੁੰਦੇ ਸਨ, ਵੈਰੀਆਂ ਤੋਂ ਪਲਟ ਕੇ ਮਿਤਰ ਅਤੇ ਗੁਰੂ ਘਰ ਦੇ ਪਿਆਰ ਵਾਲੇ ਸ਼ਰਧਾਲੂ ਬਣ ਗਏ। ਇਹ ਹੈ ਆਪ ਦੇ ਸਫਲ ਜੀਵਨ ਦੀਆਂ ਅਨਗਿਣਤ ਘਟਨਾਵਾਂ ਵਿਚੋਂ ਇਕ ਘਟਨਾ, ਜੋ ਵੰਨਗੀ ਮਾਤਰ ਅਜ ਆਪ ਜੀ ਦੀ ਯਾਦ ਵਿਚ ਸੰਗਤਾਂ ਦੀ ਭੇਟਾ ਹੈ।

["ਗੁਰਮਤਿ ਵਿਚਾਰ ਪਤ੍ਰਕਾ" ਚੋਂ

www.AKJ.Org

ਹਾਰ ਦਾ ਨਾ ਕੋਈ ਹਿੰਦੂ ਇਤਿਹਾਸ ਪਰੰਪਰਾ ਵਿਚ ਜ਼ਿਕਰ ਹੈ ਤੇ ਨਾ ਹੀ ਇਸ ਦਾ ਕਿਸੇ ਦੇਵੀ ਦੇਵਤਾ ਆਦਿ ਨਾਲ ਕੋਈ ਸਬੰਧ ਹੈ। ਇਕ ਰਵਾਇਤ ਹੈ ਕਿ ਮੁਗ਼ਲ ਰਾਜ ਵੇਲੇ ਚਿਤੌੜ ਗੜ੍ਹ ਦੀ ਰਾਣੀ 'ਕਰਮਵਤੀ' ਨੇ ਆਪਣੇ ਰਾਜ ਨੂੰ ਸ਼ਰੀਕਾਂ ਵੈਰੀਆਂ ਤੋਂ ਬਚਾਣ ਲਈ ਬਾਬਰ ਬਾਦਸ਼ਾਹ ਦੇ ਪੁਤਰ ਹਿਮਾਯੂੰ ਨੂੰ ਇਕ ਧਾਗਾ ਤੇ ਤਲਵਾਰ ਭੇਜੀ ਸੀ। ਇਸੇ ਤੋਂ ਪ੍ਰੇਰਤ ਹੋ ਕੇ ਹਿੰਦੂਆਂ ਵਿਚ ਇਹ ਇਕ ਰਸਮ ਬਣੀ ਤੇ ਇਸ ਦਾ ਨਾਂ 'ਰਖੜੀ' ਪੈ ਗਿਆ। ਹਿੰਦੂ ਲੜਕੀਆਂ ਆਪਣੇ ਭਰਾਵਾਂ ਨੂੰ, ਚਾਹੇ ਉਹ ਕਿਤੇ ਵੀ ਹੋਣ, ਰੱਖੜੀਆਂ ਭੇਜਦੀਆਂ ਹਨ ਤੇ ਉਹ ਵੀਰ ਇਸ ਰੱਖੜੀ ਦੇ ਬਦਲੇ ਉਨ੍ਹਾਂ ਨੂੰ ਮਾਇਆ, ਕਪੜੇ, ਮਿਠਾਈ ਆਦਿ ਘਲਦੇ ਹਨ। ਪਰਦੇਸ ਗਏ ਹੋਏ ਵੀ ਬਹੁਤੇ ਯੁਵਕ ਏਸ ਦਿਨ ਰਖੜੀ ਬੰਨ੍ਹਾਣ ਘਰੀਂ ਪੁਜਦੇ ਹਨ।

ਗੁਰਮਤਿ ਵਿਚਾਰਧਾਰਾ ਅਨੁਸਾਰ ਸਿਖ ਮਤ ਵਿਚ ਇਨ੍ਹਾਂ ਰੀਤਾਂ-ਰਸਮਾਂ ਦੀ ਕੋਈ ਥਾਂ ਨਹੀਂ। ਭਾਈ ਗੁਰਦਾਸ ਜੀ ਨੇ ਗੁਰਸਿੱਖ ਨੂੰ ਇਨ੍ਹਾਂ ਵਹਿਮਾਂ ਭਰਮਾਂ ਤੋਂ ਮੁਕਤ ਦਰਸਾਇਆ ਹੈ—

ਪੂਛਤ ਨ ਜੋਤਕ ਅਉ ਬੇਦ ਥਿਤ ਵਾਰ ਕਛੁ
ਗ੍ਰਿਹ ਅਉ ਨਛਤ੍ਰ ਕੀ ਨ ਸੰਕਾ ਉਰ ਧਾਰੀ ਹੈ ॥
ਜਾਨਤ ਨ ਸਗਨ ਲਗਨ ਆਨ ਦੇਵ ਸੇਵ
ਸ਼ਬਦ ਸੁਰਤ ਲਿਵ ਨੇਹੁ ਨਿਰੰਕਾਰੀ ਹੈ ॥੪੪੮॥

ਪਰੰਤੂ ਅਜ ਕਲ੍ਹ ਸਿਖ ਘਰਾਣਿਆਂ ਦੀਆਂ ਜੰਮ-ਪਲ ਬੱਚੀਆਂ ਵੀ ਪੜੋਸੀ ਹਿੰਦੂ ਲੜਕੀਆਂ ਦੀ ਦੇਖਾ-ਦੇਖੀ ਜਾਂ ਤੁਰੀ ਆਉਂਦੀ ਪਰਪਾਟੀ ਅਨੁਸਾਰ ਆਪਣੇ ਵੀਰਾਂ ਨੂੰ ਰੱਖੜੀਆਂ ਭੇਜਦੀਆਂ ਤੇ ਬੰਨ੍ਹਦੀਆਂ ਦੇਖੀਆਂ ਜਾਂਦੀਆਂ ਹਨ, ਜੋ ਉਕਾ ਹੀ ਮਨਮਤਿ ਹੈ।

ਅਵਲ ਤਾਂ ਰੱਖੜੀ ਵਾਲੀ ਰਸਮ ਦੀ ਅਜੋਕੇ ਸਮੇਂ ਵਿਚ ਲੋੜ ਹੀ ਨਹੀਂ ਰਹੀ, ਕਿਉਂਕਿ ਅਜ ਕਲ੍ਹ ਨਾਰੀ ਅਬਲਾ ਨਹੀਂ ਸਬਲਾ ਹੈ। ਸ਼ਕਤੀਸ਼ਾਲੀ ਹੈ, ਉਹ ਹੱਥ ਵਿਚ ਤਲਵਾਰ ਫੜ ਕੇ ਮੈਦਾਨੇ ਜੰਗ ਵਿਚ ਵੈਰੀ ਦੇ ਆਹੂ ਲਾਹੁਣ ਲਈ, ਬੀਰ ਯੋਧਿਆਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਲੜ ਸਕਦੀ ਹੈ। ਅੱਜ ਦੀ ਨਾਰੀ ਨੂੰ ਕਿਸੇ ਕੋਲੋਂ ਕੋਈ ਭੈ ਨਹੀਂ, ਉਹ ਦੂਜੇ ਮੁਲਕਾਂ ਵਿਚ ਜਾ ਕੇ ਵੀ ਸੁਤੰਤਰ ਆਵਾਜਾਈ ਨਿਭਾ ਲੈਣ ਦੇ ਪੱਖ ਵਿਚ ਵੀ ਨਿਡੱਰ ਤੇ ਅੜੱਕ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਸਤ੍ਰੀ ਨੂੰ ਪੁਰਖ ਦੇ ਨਾਲ ਇਕੋ ਬਾਟੇ ਵਿਚੋਂ ਖੰਡੇਧਾਰ ਪਾਹੁਲ ਦੇ ਕੇ 'ਸਿੰਘਣੀ' ਪਦ ਬਖਸ਼ਿਆ ਹੈ ਤੇ ਉਸ ਦਾ ਡਰ ਤੇ ਭਉ ਸਮਾਪਤ ਕਰ ਦਿਤਾ ਹੈ। ਉਹ ਆਪਣੀ ਰਖਸ਼ਾ ਕਰਨ ਲਈ ਕਿਰਪਾਨ ਧਾਰਨ ਕਰ ਕੇ ਆਪ ਹੀ ਯੋਗ ਹੈ।

ਮੈਂ ਗੁਰਸਿੱਖ ਵੀਰਾਂ, ਗੁਰਮੁਖ ਭੈਣਾਂ ਤੇ ਬੱਚੀਆਂ ਨੂੰ ਇਕ ਸੁਝਾਉ ਪੇਸ਼ ਕਰਨ ਦਾ ਯਤਨ ਕਰਦਾ ਹੋਇਆ ਆਸ ਰਖਦਾ ਹਾਂ ਕਿ ਉਹ ਇਸ ਸੁਝਾਉ ਨੂੰ ਵਿਚਾਰ ਕੇ ਅਪਣਾਉਣ ਦਾ ਉਪਰਾਲਾ ਕਰਨਗੇ।

– ਰਖੜੀ ਦੀ ਫ਼ਜ਼ੂਲ ਤੇ ਬੇਲੋੜੀ ਰਸਮ ਨਵਿਰਤ ਕਰਕੇ ਗੁਰਸਿੱਖ ਘਰਾਂ ਵਿਚ ਸ੍ਰੀ ਗੁਰੂ ਨਾਨਕ-ਪ੍ਰਕਾਸ਼-ਉਤਸ਼ਵ, ਕਲਗੀਧਰ-ਪ੍ਰਕਾਸ਼-ਦਿਵਸ, ਖਾਲਸਾ ਜੀ ਦੇ ਜਨਮ ਦਿਨ (ਵੈਸਾਖੀ) ਸਮੇਂ ਆਪਣੇ ਬੱਚਿਆਂ ਨੂੰ ਭੈਣਾਂ-ਭਰਾਵਾਂ ਤੇ ਪਰਵਾਰਾਂ ਨੂੰ, ਸਾਕਾਂ ਸੰਬੰਧੀਆਂ ਨੂੰ, ਗੁਰਸਿਖ ਸਖਿਆਂ ਨੂੰ ਅਤੇ ਸਖੀਆਂ ਸਹੇਲੀਆਂ ਨੂੰ ਅਜਿਹੀਆਂ ਵਸਤੂਆਂ ਭੇਜੋ, ਅਜਿਹੇ ਸੁੰਦਰ ਟਰੈਕਟ ਤੇ ਵਧੀਆਂ ਪੁਸਤਕਾਂ ਭੇਜੋ ਜਿਨ੍ਹਾਂ ਦੇ ਤੁਫ਼ੈਲ ਉਨ੍ਹਾਂ ਦਾ ਗੁਰਸਿਖੀ ਰਹਿਤ ਬਹਿਤ ਨਾਲ, ਗੁਰਬਾਣੀ ਨਾਲ ਅਤੇ ਗੁਰ-ਇਤਿਹਾਸ ਨਾਲ ਪਿਆਰ ਵਧੇ। ਉਨ੍ਹਾਂ ਨੂੰ ਅੰਮ੍ਰਿਤ ਵੇਲੇ ਜਾਗਣ ਦਾ ਚਾਅ ਉਠੇ, ਗੁਰੂ-ਚਰਨਾਂ ਵਿਚ ਜੁੜ ਕੇ ਅੰਮ੍ਰਿਤ ਵੇਲੇ ਦੀ ਸੰਭਾਲ ਲਈ ਉਤਸ਼ਾਹ ਬਣੇ। ਗੁਰ ਇਤਿਹਾਸ ਅਤੇ ਸ਼ਹੀਦਾਂ ਸੂਰਬੀਰਾਂ ਦੇ ਇਤਿਹਾਸ ਭੇਜੇ ਜਾਣ ਜਿਨ੍ਹਾਂ ਨੂੰ ਪੜ੍ਹ ਕੇ ਅੰਦਰਲਾ ਹਲੂਣਿਆ ਜਾਵੇ ਅਤੇ ਹਿਰਦੇ ਅੰਦਰ ਸਦਾ ਹੀ ਗੁਰੂ ਤੇ ਗੁਰਸਿਖੀ ਤੋਂ ਕੁਰਬਾਨ ਹੋਣ ਦਾ ਉਮਾਹ ਠਾਠਾਂ ਮਾਰਦਾ ਰਵ੍ਹੇ। ਕੇਵਲ ਇਸ ਤਰ੍ਹਾਂ ਦਾ ਗੁਰਮਤਿ ਸਾਹਿਤ ਹੀ ਹੈ ਜੋ ਨੌਜੁਆਨ ਬੱਚਿਆਂ ਬੱਚੀਆਂ ਨੂੰ ਕੁਸੰਗਤ ਤੋਂ, ਸਿਨਮਿਆਂ ਤੋਂ, ਨਸ਼ਿਆਂ ਤੋਂ, ਅਤੇ ਸ਼ਰਾਬ ਕਬਾਬ ਤੋਂ ਬਚਾ ਕੇ ਗੁਰਸਿਖੀ ਦੀ ਲਗਨ ਪੈਦਾ ਕਰ ਸਕਦਾ ਹੈ। ਇਨ੍ਹਾਂ ਬੇਜਾਨ ਤਿਉਹਾਰਾਂ ਨੂੰ ਬੇਜਾਨ ਢੰਗਾਂ ਨਾਲ ਮਨਾਣ ਨਾਲ ਤਾਂ ਕੌਮ ਨੇ ਰਸਾਤਲ ਵਲ ਹੀ ਜਾਣਾ ਹੈ।


www.AKJ.Org

# ਮੇਰੀ ਕੈਨੇਡਾ ਤੋਂ ਭਾਰਤ ਦੀ ਯਾਤਰਾ ਅਤੇ ਕਿਰਪਾਨ-ਮੋਰਚਾ

(ਵਲੋਂ—ਸ: ਜਗਤਾਰ ਸਿੰਘ ਜੀ, ਟਰੰਟ, ਕੈਨੇਡਾ)

ਕੈਨੇਡਾ ਤੋਂ ਦੇਸ਼ (ਪੰਜਾਬ) ਨੂੰ ਆਉਣ ਲਈ ਅਕਤੂਬਰ ਦੇ ਪਹਿਲੇ ਹਫਤੇ ਵਿਚ ਪ੍ਰੋਗਰਾਮ ਬਣਿਆ ਅਤੇ ੨੭ ਅਕਤੂਬਰ ਚਾਲੇ ਪਾਉਣ ਦੀ ਮਿਤੀ ਮਿਥੀ ਗਈ। ਇਸੇ ਸਮੇਂ ਹੀ ਮਨ ਵਿਚ ਕਸ਼-ਮਕਸ਼ (ਸੰਘਰਸ਼) ਪੈਦਾ ਹੋਣ ਲਗ ਪਈ ਕਿ ਗਾਤਰੇ-ਕਿਰਪਾਨ ਬਾਰੇ ਹਵਾਈ ਅਡਿਆਂ ਤੇ ਸੀਕਿਓਰਿਟੀ ਪੁਲਸ ਵਾਲੇ ਤੰਗ ਕਰਨਗੇ। ਸਿੰਘਾਂ (ਜੋ ਪਹਿਲਾਂ ਹਵਾਈ ਜਹਾਜ਼ ਰਾਹੀਂ ਸਫਰ ਕਰ ਚੁਕੇ ਸੀ) ਨਾਲ ਇਸ ਬਾਰੇ ਵਿਚਾਰ-ਵਟਾਂਦਰਾ ਹੋਇਆ ਤਾਂ ਉਹਨਾਂ ਇਹੋ ਦਸਿਆ ਕਿ ਸੀਕਿਓਰਿਟੀ ਪੁਲਸ (ਸ: ਪੁਲਸ) ਨੇ ਕਿਰਪਾਨ ਉਤਾਰੇ (ਲਾਹੇ) ਬਿਨਾਂ ਜਹਾਜ਼ ਵਿਚ ਸਫਰ ਨਹੀਂ ਕਰਨ ਦਿਤਾ। ਸਿੰਘਾਂ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਸੋਚਿਆ ਕਿ ਸ: ਪੁਲਸ ਦੇ ਬਹੁਤਾ ਮਜਬੂਰ ਕਰਨ ਤੇ ਕਿਰਪਾਨ ਉਤਾਰ ਦੇਵਾਂਗਾ ਅਤੇ ਦੇਸ ਜਾ ਕੇ ਅਰਦਾਸਾ ਸੁਧਵਾ ਲਵਾਂਗਾ। ਇਨ੍ਹੀਂ ਦਿਨੀਂ ਹੀ ਮੈਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਰਚਿਤ 'ਜੇਲ੍ਹ-ਚਿੱਠੀਆਂ' ਪੜ੍ਹ (ਚੌਥੀ ਵਾਰ) ਰਹਿਆ ਸੀ। ਜਿਉਂ ਹੀ ਕਿਰਪਾਨ ਉਤਾਰਨ ਦਾ ਖਿਆਲ ਮਨ ਵਿਚ ਆਵੇ, ਉਸੇ ਘੜੀ ਹੀ ਇਹ ਭੀ ਖਿਆਲ ਆ ਜਾਵੇ ਕਿ ਲਾਹੌਰ ਜੇਲ੍ਹ ਵਿਚ ਕਿਵੇਂ ਸਤ-ਅੱਠ ਜਰਵਾਣਿਆਂ ਨੇ ਜਬਰਨ ਹਿਕ ਤੇ ਚੜ੍ਹ ਕੇ ਢਾਹ ਕੇ ਭਾਈ ਸਾਹਿਬ ਨੂੰ ਪਿਆਰੇ ਕਕਾਰਾਂ ਤੋਂ ਵਾਂਜਿਆ ਕੀਤਾ ਸੀ। ਮਨ ਨੂੰ ਫਿਟ-ਲਾਹਨਤ ਪਾਉਣੀ ਕਿ ਕਿਥੇ ਭਾਈ ਸਾਹਿਬ ਨਾਲ ਧੱਕਾ-ਜ਼ੋਰੀ ਕਰਕੇ ਕਕਾਰ ਉਤਾਰੇ ਗਏ ਸੀ ਤੇ ਕਿਥੇ ਮੈਂ ਆਪਣੇ ਆਪ ਕਿਰਪਾਨ ਉਤਾਰ ਕੇ ਸ: ਪੁਲਸ ਦੇ ਹਵਾਲੇ ਕਰਨ ਲਈ ਤਿਆਰ ਹਾਂ। ਕਈ ਦਿਨ ਮਨ ਵਿਚ ਇਸੇ ਤਰ੍ਹਾਂ ਦੇ ਖਿਆਲਾਂ ਦਾ ਸੰਘਰਸ਼ ਚਲਦਾ ਰਹਿਆ। ਮੁਕਦੀ ਗੱਲ ਇਹ ਕਿ ਚਾਲੇ ਪਾਉਣ ਤੋਂ ਹਫਤਾ ਕੁ ਪਹਿਲਾਂ ਪੱਕੀ ਠਾਨ ਲਈ ਕਿ ਕਿਰਪਾਨ ਨਹੀਂ ਉਤਾਰਨੀ ਭਾਵੇਂ ਮੋਰਚਾ ਹੀ ਕਿਉਂ ਨ ਲਾਉਣਾ ਪੈ ਜਾਵੇ। ਇਸ ਬਾਰੇ ਬਿਨਾਂ ਭਾਈ ਬਲਬੀਰ ਸਿੰਘ ਦੇ ਕਿਸੇ ਹੋਰ ਸਿੰਘ ਸਿੰਘਣੀ ਨੂੰ ਨਹੀਂ ਦਸਿਆ ਗਿਆ ਸੀ। ਭਾਈ ਬਲੀਬਰ ਸਿੰਘ ਨੂੰ ਭੀ ਘਰੋਂ (੩੪੦੦ Weston Road Apt ੧੨੦੨, Toronto Canada) ਚੱਲਣ ਤੋਂ ਦਸ ਕੁ ਮਿੰਟ ਪਹਿਲਾਂ ਹੀ ਦਸਿਆ ਸੀ ਅਤੇ ਉਸ ਦੀ ਸਲਾਹ ਨਾਲ ਕਿਰਪਾਨ ਕੁੜਤੇ ਦੇ ਥਲਿਓਂ ਦੀ ਸਜ਼ਾ ਲਈ ਗਈ।

ਭਾਈ ਬਲਬੀਰ ਸਿੰਘ ਟਰੰਟੋ ਨਿਵਾਸੀ ਦੇ ਭੁਜੰਗੀ ਗੁਰਕਿਰਪਾਲ ਸਿੰਘ, ਮਨਜੀਤ ਕੌਰ (ਦਾਸ ਦੀ ਸਿੰਘਣੀ) ਅਤੇ ਦਾਸ ਨੇ ਦੇਸ ਨੂੰ ਆਉਣ ਲਈ ਟਰੰਟੋ ਤੋਂ ੨੭.੧੦.੭੯ ਨੂੰ ਚਾਲੇ ਪਾਏ। ਟਰੰਟੋ ਤੋਂ ਨਿਊਯਾਰਕ (ਅਮਰੀਕਾ) ਤਕ ਏਅਰ ਕੈਨੇਡਾ (AC ੭੭੮), ਨਿਊਯਾਰਕ ਤੋਂ ਬੰਬਈ ਤਕ ਏਅਰ ਇੰਡੀਆ (AI ੧੧੨) ਅਤੇ ਬੰਬਈ ਤੋਂ ਦਿੱਲੀ ਤਕ ਏਅਰ ਇੰਡੀਆ (AI ੧੦੧) ਵਿਚ ਸਫਰ ਕੀਤਾ। ਟਰੰਟੋ ਏਅਰਪੋਰਟ (Toronto Air port) ਪਰ ਸ. ਪੁਲਸ ਨੇ ਕਿਰਪਾਨਾਂ ਬਾਰੇ ਕੁਝ ਨਹੀਂ ਕਹਿਆ। ਕੁਝ ਕਹਿਆ ਨਹੀਂ ਜਾ ਸਕਦਾ ਕਿ ਕਿਰਪਾਨਾਂ ਦਾ (ਕਮੀਜ਼ਾਂ ਦੇ ਥਲਿਓਂ ਦੀ ਹੋਣ ਕਰਕੇ) ਸ. ਪੁਲਸ ਨੂੰ ਪਤਾ ਲਗ ਸਕਿਆ ਸੀ ਕਿ ਨਹੀਂ। ਏਅਰ ਕੈਨੇਡਾ ਤੇ ਸਵਾਰ ਹੋ ਕੇ ਗਾਤਰੇ-ਕਿਰਪਾਨਾਂ ਸਜੇ-ਸਜਾਏ ਅਸੀਂ ਨਿਊਯਾਰਕ ਜਾ ਪੁਜੇ। ਨਿਊਯਾਰਕ ਤੋਂ ਏਅਰ ਇੰਡੀਆ ਦੇ ਜਹਾਜ਼ ਵਿਚ ਸਫਰ ਕਰਨਾ ਸੀ। ਨਿਊਯਾਰਕ ਹਵਾਈ ਅੱਡੇ ਪਰ ਸ: ਪੁਲਸ ਨੇ ਸਾਡੀਆਂ ਕਿਰਪਾਨਾਂ ਚੈਕ ਕਰ ਲਈਆਂ। ਸ. ਪੁਲਸ ਅਤੇ ਦਾਸ ਵਿਚਕਾਰ ਜੋ ਗੱਲ ਬਾਤ ਅੰਗਰੇਜ਼ੀ ਵਿਚ) ਹੋਈ ਉਹ ਇਸ ਪ੍ਰਕਾਰ ਹੈ।



www.AKJ.Org

ਸ. ਪੁਲਸ–ਕਿਰਪਾਨ ਉਤਾਰੇ ਬਿਨਾਂ ਜਹਾਜ਼ ਵਿਚ ਸਫ਼ਰ ਨਹੀਂ ਕਰ ਸਕਦੇ।

ਮੈਂ–ਗਾਤਰੇ-ਕਿਰਪਾਨ ਸਜੇ-ਸਜਾਏ ਹੀ ਸਫਰ ਕਰਨਾ ਹੈ। ਇਹ (ਕਿਰਪਾਨ) ਸਾਡੇ ਧਰਮ ਦਾ ਅੰਗ ਹੈ, ਅਸੀਂ ਪਲ ਭਰ ਲਈ ਭੀ ਸਰੀਰ ਨਾਲੋਂ ਵੱਖ ਨਹੀਂ ਹੋਣ ਦਿੰਦੇ। ਇਸ਼ਨਾਨ ਕਰਨ ਸਮੇਂ ਅਤੇ ਸੌਣ ਸਮੇਂ ਭੀ ਕਿਰਪਾਨ ਸਰੀਰੋਂ ਵੱਖ ਨਹੀਂ ਹੋਣ ਦਿੰਦੇ।

ਸ. ਪੁਲਸ ਅਫਸਰ–ਦੋ ਲਫਾਫੇ ਲਿਆ ਕੇ ਮੈਨੂੰ ਦੇਣ ਲਗਾ ਕਿ ਦੋਨੋਂ ਕਿਰਪਾਨਾਂ (ਸਿੰਘਣੀ ਤੇ ਦਾਸ ਵਾਲੀਆਂ) ਇਸ ਵਿਚ ਬੰਦ ਕਰ ਦੇਵੋ ਤਾਂ ਕਿ ਉਹ ਪਾਇਲਾਟ (pilot) ਨੂੰ ਦਿਤੀਆਂ ਜਾ ਸਕਣ ਅਤੇ ਦਿੱਲੀ ਪੁਜਣ ਤੇ ਮਿਲ ਜਾਣਗੀਆਂ।

ਸ. ਪੁਲਸ ਅਫਸਰ ਨੂੰ Department of Troad London ਦੀ ਚਿੱਠੀ (ਜਿਸ ਰਾਹੀਂ ਅੰਮ੍ਰਿਤ-ਧਾਰੀ ਸਿੰਘਾਂ ਨੂੰ ਕਿਰਪਾਨ ਸਜੇ-ਸਜਾਏ ਸਫਰ ਕਰਨ ਦੀ ਆਗਿਆ ਮਿਲੀ ਹੈ) ਦੀ ਕਾਪੀ ਦਿਖਾਈ ਗਈ (ਜੋ ਮੇਰੇ ਪਾਸ ਹੈ ਸੀ)।

ਸ. ਪੁਲਸ ਅਫਸਰ–ਹੋਰ ਏਅਰ ਲਾਈਨਾਂ ਵਾਲੇ ਤਾਂ ਕਿਰਪਾਨ ਸਮੇਤ ਸਫਰ ਕਰਨ ਦੀ ਆਗਿਆ ਦੇ ਦਿੰਦੇ ਹਨ ਪਰ ਏਅਰ ਇੰਡੀਆ ਵਾਲੇ ਕਿਰਪਾਨ ਬਾਰੇ ਬਹੁਤ ਸਖਤ ਸਨ। ਕਿਰਪਾਨ ਉਤਾਰੇ ਬਿਨਾਂ ਸਫਰ ਕਰਨ ਨਹੀਂ ਦਿੰਦੇ।

ਮੈਂ–ਕਿਰਪਾਨ ਸਰੀਰ ਨਾਲੋਂ ਬਿਲਕੁਲ ਵੱਖ ਨਹੀਂ ਕਰਨੀ।

ਮੇਰੇ ਉੱਕਾ ਹੀ ਨਾਂਹ ਕਰਨ ਤੇ ਪੁਲਸ ਅਫਸਰ ਏਅਰ ਇੰਡੀਆ ਦੇ ਸਟਾਫ ਪਾਸ ਗਿਆ ਅਤੇ ਇਕ ਬੰਦੇ ਨੂੰ ਸਾਥ ਲੈ ਕੇ ਜਦ ਮੁੜ ਕੇ ਆਇਆ ਤਾਂ ਉਹ ਸਿਗਰਟ ਪੀਂਦਾ ਆ ਰਿਹਾ ਸੀ। ਮੇਰੇ ਨੇੜੇ ਹੋਣ ਹੀ ਲੱਗਾ ਸੀ ਕਿ ਮੈਂ ਉਸ ਨੂੰ ਗੱਜ ਕੇ ਬੋਲਿਆ ਕਿ "ਤੂੰ ਸਿਗਰਟ ਪੀਂਦਾ ਹੈਂ, ਇਸ ਲਈ ਮੇਰੇ ਨੇੜੇ ਨਾ ਆਵੀਂ।" ਉਹ ਕੰਨ ਢਿਲੇ ਕਰਕੇ ਇਕ ਪਾਸੇ ਨੂੰ ਚਲਿਆ ਗਿਆ। ਏਅਰ ਇੰਡੀਆ ਦੇ ਬੰਦੇ ਨਾਲ ਭੀ ਉਹੀ ਸਵਾਲ ਜਵਾਬ ਹੋਏ ਜੋ ਪੁਲਸ ਅਫਸਰ ਨਾਲ ਹੋਏ ਹਨ। ਕੋਰਾ ਤੇ ਕਰਾਰਾ ਜਵਾਬ ਸੁਣ ਕੇ ਉਹ ਕਹਿਣ ਲੱਗਾ ਕਿ ਏਅਰ ਇੰਡੀਆ ਦੇ ਮੈਨੇਜਰ ਨੂੰ ਸੱਦ ਲਿਆਉਂਦਾ ਹਾਂ। ਆਉਂਦੇ ਸਾਰ ਹੀ ਏਅਰ ਇੰਡੀਆ ਦੇ ਮੈਨੇਜਰ ਨੇ ਮੈਨੂੰ ਇਦਾਂ ਆਖਿਆ (ਪੰਜਾਬੀ ਵਿਚ)–

ਮੈਨੇਜਰ ਏ. ਇ.–ਦਿਖਾਉ ਕਿਹੜੀ ਕਿਰਪਾਨ ਪਾਈ ਹੈ (ਸਿੰਘਣੀ ਦੀ ਕਿਰਪਾਨ ਦੇਖਣ ਲਈ ਨਹੀਂ ਕਹਿਆ)।

ਮੈਂ–ਕਿਰਪਾਨ ਦਿਖਾ ਦਿਤੀ [ਨੌਂ (੯) ਇੰਚੀ ਕਿਰਪਾਨ ਕੁੜਤੇ ਦੇ ਥਲਿਓਂ ਪਾਈ ਸੀ।]

ਮੈਨੇਜਰ ਏ. ਇ.–ਇਸ ਸਮੇਤ ਸਫਰ ਕਰ ਸਕਦੇ ਹੋ। ਪੁਲਸ ਅਫਸਰ ਨੂੰ ਕਹਿਣ ਲਗਾ ਕਿਰਪਾਨ ਪਾਉਣਾ ਇਨ੍ਹਾਂ ਦਾ ਧਰਮ ਹੈ।

ਸੋ ਗੁਰੂ ਸਾਹਿਬ ਨੇ ਕਿਰਪਾ ਕਰ ਕੇ ਮੋਰਚਾ ਫਤਹ ਕਰਵਾ ਦਿਤਾ ਅਤੇ ਏਅਰ ਇੰਡੀਆ ਪਰ ਸਵਾਰ ਹੋ ਕੇ ਲੰਡਨ ਲਈ ਚਾਲੇ ਪਾਏ ਗਏ। ਲੰਡਨ ਪੁੱਜਣ ਤੋਂ ਥੋੜਾ ਸਮਾਂ ਪਹਿਲਾਂ ਕਿਰਪਾਨ ਕੁੜਤੇ ਦੇ ਉਪਰੋਂ ਦੀ ਸਜਾ ਲਈ ਗਈ। ਲੰਡਨ ਪਹੁੰਚ ਕੇ ਜਹਾਜ਼ ਨੇ ਥੋੜਾ ਸਮਾਂ ਰੁਕਣਾ ਸੀ। ਇਸ ਲਈ ਸਾਰੇ ਮੁਸਾਫ਼ਰਾਂ ਨੂੰ ਆਰਾਮ-ਘਰ (Retiring Lounge) ਵਿਚ ਆਰਾਮ ਕਰਨ ਲਈ ਭੇਜਿਆ ਗਿਆ। ਥੋੜਾ ਸਮਾਂ ਠਹਿਰਨ ਪਿਛੋਂ ਐਵੇਂ ਹੀ (ਬਿਨਾ ਕਿਸੇ ਖ਼ਾਸ ਮਤਲਬ ਦੇ) ਮੈਂ ਆਰਾਮ-ਘਰ ਤੋਂ ਬਾਹਰ ਨਿਕਲ ਕੇ ਏਅਰ ਪੋਰਟ (Air port) ਤੇ ਘੁੰਮਣ ਲਈ ਚਲਿਆ ਗਿਆ। ਪੌਣੇ ਕੁ ਘੰਟੇ ਪਿਛੋਂ ਜਦ ਵਾਪਸ ਆਇਆ ਤਾਂ ਸ. ਪੁਲਿਸ ਨੇ ਕਿਰਪਾਨ ਹੋਣ ਕਰਕੇ ਘੇਰ ਲਿਆ। ਇਥੇ ਦੀ ਸ. ਪੁਲਸ ਨਾਲ ਭੀ ਉਦਾਂ ਦੀ ਹੀ ਗਲਬਾਤ ਹੋਈ ਜਿਦਾਂ ਦੀ ਨਿਊਯਾਰਕ ਦੀ ਸ. ਪੁਲਸ ਨਾਲ ਹੋਈ ਸੀ। ਸ. ਪੁਲਸ ਵਾਲਿਆਂ ਨੇ ਸ੍ਰੀ ਗੋਬਿੰਦ ਜ. ਲਾਲਵਾਨੀ ਏਅਰਪੋਰਟ ਸੁਪ੍ਰਿੰਟੈਂਡੈਂਟ (Govind J. Lalwani Air port Superintendent Air India HeathrowAir port London) ਨੂੰ ਸਾਰੀ ਗਲ-ਬਾਤ ਦਸੀ।

ਸੁਪ੍ਰਿੰ. ਲਾਲਵਾਨੀ–ਕਿਰਪਾਨ ਉਤਾਰ ਕੇ ਹੀ ਸਫ਼ਰ



www.AKJ.Org

ਕਰ ਸਕਦੇ ਹੋ।

ਮੈਂ—ਨਿਊਯਾਰਕ ਏਅਰ ਇੰਡੀਆ ਦੇ ਮੈਨੇਜਰ ਨੇ ਕਿਰਪਾਨ ਸਮੇਤ ਹੀ ਸਫਰ ਕਰਨ ਦੀ ਆਗਿਆ ਦੇ ਦਿਤੀ ਸੀ। ਹੁਣ ਅਗਲਾ ਸਫਰ ਭੀ ਕਿਰਪਾਨ ਸਮੇਤ ਹੀ ਕਰਨਾ ਹੈ।

ਸੁਪ੍ਰ. ਲਾਲਵਾਨੀ—ਨਿਊਯਾਰਕ ਵਿਚ ਉਨ੍ਹਾਂ ਨੇ ਆਗਿਆ ਦੇ ਦਿਤੀ ਹੋਵੇਗੀ. ਪਰ ਇਥੇ ਨਹੀਂ ਮਿਲੇਗੀ।

ਮੈਂ—ਲਾਲਵਾਨੀ ਨੂੰ Deparlment of Trade London) ਦੀ ਚਿਠੀ ਦੀ ਕਾਪੀ ਦਿਖਾਈ।

ਚਿਠੀ ਦੇਖ ਕੇ ਲਾਲਵਾਨੀ ਤਾਂ ਮੰਨ ਗਿਆ ਕਿ ਮੈਂ ਕਿਰਪਾਨ ਸਮੇਤ ਸਫਰ ਕਰ ਸਕਦਾ ਹਾਂ, ਪਰ ਹੁਣ ਸ. ਪੁਲਸ ਵਾਲੇ ਕਹਿਣ ਲਗੇ ਕਿ "ਇਹ ਚਿਠੀ ਤਾਂ Department of Trade ਦੀ ਹੈ, ਅਸੀਂ ਇਸ ਦੀ Authority ਨੂੰ ਨਹੀਂ ਮੰਨਦੇ।" ਸ. ਪੁਲਸ ਵਾਲਿਆਂ ਨੇ ਸ. ਮਹਿਕਮੇ ਦੇ ਉਚ-ਪੱਧਰ ਦੇ ਅਫ਼ਸਰਾਂ ਨੂੰ ਭੀ ਫ਼ੋਨ ਕਰ ਕੇ ਇਸ ਕੇਸ ਬਾਰੇ ਸੂਚਤ ਕਰ ਦਿਤਾ। ਇਸੇ ਦੌਰਾਨ ਵਿਚ ਸ: ਲਛਮਣ ਸਿੰਘ ਨੇ(Special Executive Magistrate greater Bombay also Ex principal Guru NanakHigh School Bombay) ਨੇ (ਜੋ ਨਿਊਯਾਰਕ ਤੋਂ ਬੰਬਈ ਤਕ ਇਸੇ ਜਹਾਜ਼ ਵਿਚ ਸਫਰ ਕਰ ਰਹੇ ਸੀ) ਸੁਪ੍ਰ.ਲਾਲਵਾਨੀ ਨੂੰ ਕਿਹਾ ਕਿ ਤੁਸੀਂ ਲੋਗ ਚੰਗੀਤਰ੍ਹਾਂ ਜਾਣਦੇ ਹੋ ਕਿ ਕਿਰਪਾਨ ਪਾਉਣਾ ਸਿਖਾਂ ਦੇ ਧਰਮ ਦਾ ਅੰਗ ਹੈ। ਇਸ ਪਰ ਲਾਲਵਾਨੀ ਕਹਿਣ ਲਗਾ ਕਿ ਸ. ਪੁਲਸ ਵਾਲਿਆਂ ਨੂੰ ਤਸੱਲੀ ਕਰ ਲੈਣ ਦਿਉ। ਇਥੇ ਦੀ ਸ. ਪੁਲਸ ਨੇ ਦੋ ਕੁ ਗੱਲਾਂ ਇਹੋ ਜਿਹੀਆਂ ਪੁਛੀਆਂ ਜੋ ਨੀਊਯਾਰਕ ਦੀ ਸ. ਪੁਲਸ ਨੇ ਨਹੀਂ ਪੁਛੀਆਂ/ਕਹੀਆਂ ਸਨ।

ਪੁਲਸ ਅਫਸਰ—ਖੰਡੇ(ਜੋ ਮੈਂ ਦਸਤਾਰੇ ਤੇ ਸਜਾਇਆ ਹੋਇਆ ਸੀ) ਨੂੰ ਦੇਖ ਕੇ ਕਹਿਣ ਲਗਾ ਕਿ ਕੀ ਤੇਰੀ ਸਿੰਘਣੀ ਨੇ ਭੀ ਦਸਤਾਰੇ (Turban) ਤੇ ਕਿਰਪਾਨ ਸਜਾਈ ਹੋਈ ਹੈ।

ਮੈਂ—ਦਸਤਾਰੇ ਤੇ ਨਹੀਂ। ਮੇਰੇ ਵਾਂਗੂ (ਇਸ਼ਾਰੇ ਨਾਲ ਦਿਖਾ ਕੇ) ਉਸ ਨੇ ਭੀ ਗਾਤਰੇ ਹੀ ਪਾਈ ਹੋਈ ਹੈ।

ਪੁਲਸ ਅਫਸਰ—ਮੇਰੀ ਕਿਰਪਾਨ (੯ ਇੰਚੀ ਜੋ ਕੁੜਤੇ ਦੇ ਉਪਰ ਦੀ ਸਜਾਈ ਹੋਈ ਸੀ) ਦੇਖ ਕੇ ਕਹਿਣ ਲੱਗਾ ਕਿ ਇਸ ਸਮੇਤ ਸਫਰ ਨਹੀਂ ਕਰ ਸਕਦਾ, ਕਿਉਂਕਿ ਇਹ ਬਹੁਤ ਵਡੀ ਹੈ। ਤਿੰਨ ਇੰਚੀ ਕਿਰਪਾਨ ਪਾ ਕੇ ਸਫਰ ਕਰ ਸਕਦਾ ਹੈਂ।

ਮੈਂ—ਨਿਊਯਾਰਕ ਦੀ ਸ. ਪੁਲਸ ਨੇ ਇਸੇ ਕਿਰਪਾਨ ਨਾਲ ਸਫਰ ਕਰਨ ਦੀ ਆਗਿਆ ਦੇ ਦਿਤੀ ਸੀ। ਹੁਣ ਭੀ ਇਸੇ ਨਾਲ ਸਫਰ ਕਰਨਾ ਹੈ।

ਪੁਲਸ ਅਫਸਰ—ਨਿਊਯਾਰਕ ਹਵਾਈ ਅਡੇ ਦੀ ਸ. ਪੁਲਸ ਵਾਲਿਆਂ ਨੇ ਆਗਿਆ ਦੇ ਦਿਤੀ ਹੋਵੇਗੀ ਪਰ ਇਥੇ ਦੀ (ਲੰਡਨ ਅੱਡੇ ਦੀ) ਸ. ਪੁਲਸ ਸਫਰ ਕਰਨ ਦੀ ਆਗਿਆ ਨਹੀਂ ਦੇਵੇਗੀ।

ਮੈਂ—ਸਫਰ ਨਹੀਂ ਕਰਾਂਗਾ,ਪਰ ਕਿਰਪਾਨ ਉਤਾਰਨੀ ਮਨਜ਼ੂਰ ਨਹੀਂ।

ਹਵਾਈ ਅੱਡੇ ਦੀ ਸ. ਪੁਲਸ ਨੂੰ ਸਿਕਿਉਰਿਟੀ ਮਹਿਕਮੇ ਵਲੋਂ ਹਾਲੇ ਤਕ ਕੋਈ ਉੱਤਰ ਨਹੀਂ ਆਇਆ ਸੀ। ਸੁਪ੍ਰ. ਲਾਲਵਾਨੀ ਨੇ ਪੁਲਸ ਅਫ਼ਸਰ ਨੂੰ ਕਹਿਆ ਕਿ "ਮੈਂ ਆਪਣੀ ਜ਼ੁਮੇਵਾਰੀ ਤੇ ਇਸ ਨੂੰ (ਮੈਨੂੰ) ਸਫਰ ਕਰਨ ਦੀ ਆਗਿਆ ਦਿੰਦਾ ਹਾਂ। ਜੇ ਕਹੋ ਤਾਂ ਮੈਂ ਤੁਹਾਨੂੰ (ਪੁਲਸ ਨੂੰ) ਲਿਖ ਕੇ ਭੀ ਦੇ ਦਿੰਦਾ ਹਾਂ।" ਪਰ ਪੁਲਸ ਅਫਸਰ ਮੰਨੇ ਹੀ ਨਾ ਅਤੇ ਆਖੀ ਜਾਵੇ ਕਿ ਸ. ਮਹਿਕਮੇ ਵਲੋਂ ਕੋਈ ਹੁਕਮ ਆਏ ਬਿਨਾਂ ਸਫਰ ਕਰਨ ਦੀ ਆਗਿਆ ਨਹੀਂ ਦਿਤੀ ਜਾ ਸਕਦੀ। ਇੰਨੇ ਨੂੰ ਜਹਾਜ਼ ਦੇ ਚਲਣ ਦਾ ਸਮਾਂ ਹੋ ਗਿਆ। ਸੁਪ੍ਰ. ਲਾਲਵਾਨੀ ਨੇ ਮੈਨੂੰ ਜਹਾਜ਼ ਵਿਚ ਸਵਾਰ ਹੋਣ ਦੀ ਆਗਿਆ ਦੇ ਦਿਤੀ। ਗੁਰੂ ਸਾਹਿਬ ਨੇ ਹੀ ਭਾਣਾ ਵਰਤਾ ਕੇ ਮੈਨੂੰ ਆਰਾਮ-ਘਰ ਤੋਂ ਬਾਹਰ ਘਲਿਆ ਸੀ ਅਤੇ ਗੁਰੂ ਸਾਹਿਬ ਨੇ ਹੀ ਕਿਰਪਾ ਕਰ ਕੇ ਮੋਰਚਾ ਫਤਹ ਕਰਵਾ ਦਿਤਾ। ਪਤਾ ਨਹੀਂ ਪਿਛੋਂ ਸ. ਮਹਿਕਮੇ ਵਲੋਂ ਹਵਾਈ ਅੱਡੇ ਦੀ ਪੁਲਸ ਨੂੰ ਕੀ ਹਿਦਾਇਤਾਂ ਆਈਆਂ ਹੋਣਗੀਆਂ। ਜਦੋਂ ਮੈਂ ਜਹਾਜ ਵਿਚ ਆ ਕੇ ਬੈਠ ਗਿਆ ਸੀ ਤਾਂ

(ਬਾਕੀ ਦੇਖੋ ਸਫ਼ਾ ੩੩ ਦੇ ਹੇਠ)



www.AKJ.Org

# ਇਹੁ ਡਰਨੁ ਕਹਾ ਤੇ ਆਇਆ

[ਵਲੋਂ—ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਗੁਰਮਤਿ ਕਾਲਜ, ਪਟਿਆਲਾ]

ਸੂਰਜ ਡੁਬ ਚੁਕਾ ਸੀ। ਰਹਿਰਾਸ ਦਾ ਪਾਠ ਕਰ, ਅਸੀਂ ਕਾਰ ਰਾਹੀਂ ਚੰਡੀਗੜ੍ਹ ਤੋਂ ਪਟਿਆਲੇ ਆ ਰਹੇ ਸਾਂ। ਸਾਈਂ ਪਿਆਰ ਵਿਚ ਮੇਰਾ ਮਿੱਤਰ, ਕੁਝ ਰੰਗੇ ਹੋਏ ਗੁਰਸਿਖਾਂ ਦੇ ਜੀਵਨ ਦੀਆਂ ਝਲਕੀਆਂ ਸੁਣਾ ਰਿਹਾ ਸੀ। ਸ: ਗੁਰਬਖਸ਼ ਸਿੰਘ ਨੂੰ ਆਪਣੀ ਯੁਵਾ ਅਵਸਥਾ ਵਿਚ ਕਿਸੇ ਮਹਾਂ ਪੁਰਖ ਦਾ, ਕਿਸੇ ਬੈਰਾਗੀ ਪੁਰਖ ਦਾ, ਰੰਗ-ਰਤੜੇ ਸਜਣ ਦਾ ਸੰਗ ਹੋ ਗਿਆ ਸੀ। ਪੂਰਬਲੇ ਕਰਮਾਂ ਦਾ ਅੰਕੂਰ ਫੁਟਿਆਂ ਹੀ ਚੰਗੇ ਪੁਰਖਾਂ ਦੇ ਦਰਸ਼ਨ-ਮੇਲੇ ਹੁੰਦੇ ਹਨ। ਫਿਰ ਸਾਧ-ਸੰਗਤ ਦੀ ਸੋਝੀ ਪੈਂਦੀ ਹੈ। ਇਸ ਸ਼੍ਰੇਣੀ ਵਿਚੋਂ ਬਾਣੀ ਰਾਹੀਂ ਪਹਿਲਾਂ ਨਾਮੀ ਦੇ ਗੁਣਾਂ ਦਾ, ਉਸਦੇ ਬਿਰਦ ਦਾ ਤੇ ਸੁਭਾਅ ਦਾ ਪਤਾ ਲਗਦਾ ਹੈ, ਫਿਰ ਨਾਮੀ ਨੂੰ ਮਿਲਣ ਦੀ ਤਾਂਘ ਉਠ ਖਲੋਂਦੀ ਹੈ।

ਸਰਦਾਰ ਜੀ ਭਾਵੇਂ ਉਚ ਸਰਕਾਰੀ ਅਫ਼ਸਰ ਹਨ, ਪਰ ਉਨ੍ਹਾਂ ਨੂੰ ਸਾਧ ਸੰਗਤ ਦੀ, ਗੁਰਸਿਖਾਂ ਦੇ ਸੰਗ ਦੀ ਪਾਣ ਚੜ੍ਹਨ ਕਰਕੇ, ਉਨ੍ਹਾਂ ਦੇ ਅੰਦਰੋਂ ਅਫ਼ਸਰੀ ਵਾਲੀ ਬੂ ਹੌਲੀ ਹੌਲੀ ਖਤਮ ਹੋ ਰਹੀ ਹੈ। ਗੁਰਸਿਖਾਂ ਦੀਆਂ ਪ੍ਰੇਮ-ਪਿਆਰ ਦੀਆਂ ਗੱਲਾਂ ਕਰਦੇ ਆ ਰਹੇ ਸਾਂ ਕਿ ਅਚਾਨਕ ਉਨ੍ਹਾਂ ਦੇ ਛੋਟੇ ਚਾਰ-ਸਾਲਾ ਬੱਚੇ ਨੇ ਆਵਾਜ਼ ਦਿਤੀ। ਕਾਕੇ ਨੂੰ ਹਾਜਤ ਹੋਈ ਸੀ ਤੇ, ਉਹ ਹਾਜਤ ਰੱਫ਼ਾ ਕਰਨੀ ਚਾਹੁੰਦਾ ਸੀ। ਸਾਡੀ ਗੱਲ ਬਾਤ ਦਾ ਸਿਲਸਿਲਾ ਟੁਟ ਗਿਆ।

ਕਾਰ ਰੁਕ ਗਈ। ਬੱਚੇ ਨੂੰ ਕਾਰ ਤੋਂ ਬਾਹਰ ਨਿਕਲ ਕੇ ਹਾਜਤ ਰੱਫ਼ਾ ਕਰਨ ਲਈ ਆਖਿਆ ਗਿਆ। ਪਰ ਬੱਚਾ ਬਾਹਰ ਅੰਧੇਰੇ ਵਿਚ ਉਤਰਨ ਤੋਂ ਭੈ ਖਾਂਦਾ ਸੀ। ਆਖ਼ਰ ਉਸ ਦੀ ਮਾਤਾ ਉਸ ਨਾਲ ਉਤਰ ਕੇ ਗਈ ਅਤੇ ਕੁਝ ਮਿੰਟਾਂ ਵਿਚ ਹੀ ਅਸੀਂ ਫਿਰ ਸੜਕ ਤੇ ਕਾਫੀ ਤੇਜ਼ੀ ਨਾਲ ਵਧ ਰਹੇ ਸਾਂ। ਬਾਹਰ ਕਾਰ ਦੀਆਂ ਬਤੀਆਂ ਤੋਂ ਬਿਨਾਂ ਕਾਫੀ ਅੰਧੇਰਾ ਸੀ। ਸਰਦਾਰ ਜੀ ਕਹਿਣ ਲਗੇ "ਦੇਖੋ ਨਾ, ਬੱਚਿਆਂ ਨੂੰ ਅੰਧੇਰੇ ਵਿਚ ਡਰ ਲਗਣਾ ਇਕ ਸੁਭਾਵਕ ਜਿਹੀ ਗੱਲ ਹੈ।" ਆਪਣੇ ਵਲੋਂ ਉਹ ਕੁਝ ਮਾਫ਼ੀ ਦੇ ਭਾਵ ਵਿਚ ਕਹਿ ਰਹੇ ਸਨ ਕਿ ਕਾਰ ਖੜੀ ਕਰ ਕੇ ਸਾਨੂੰ ਕੁਝ ਮਿੰਟਾਂ ਲਈ ਉਡੀਕਣਾ ਪਿਆ। ਪਰ ਉਨ੍ਹਾਂ ਦੀ ਇਸ ਗੱਲ ਨੇ ਮੇਰੇ ਸਾਹਮਣੇ ਇਕ ਮਹਾਨ ਸੱਚਾਈ ਲਿਆ ਖੜੀ ਕੀਤੀ।

ਮੈਂ ਕਿਹਾ, "ਅਸੀਂ ਭੀ ਤਾਂ ਉਸ ਵਾਹਿਗੁਰੂ ਜੀ ਦੇ ਨਿੱਕੇ ਨਿੱਕੇ ਅਜਾਣ ਬੱਚੇ ਹਾਂ। ਸਾਡੇ ਭੀ ਚਾਰ-ਚੁਫੇਰੇ ਅੰਧੇਰਾ (ਮਨ ਰੇ, ਸੰਸਾਰੁ ਅੰਧ ਗਹੇਰਾ") ਭਰਮ ਹੈ, ਅਵਿਦਿਆ ਹੈ, ਅਗਿਆਨਤਾ ਹੈ। ਇਸੇ ਕਰਕੇ ਉਹ ਪਿਤਾ ਕਿਰਪਾਲ ਸਾਨੂੰ ਦਿਸਦਾ ਨਹੀਂ। ਅਸੀਂ ਇਸ ਕਾਲੇ ਬੋਲੇ ਅੰਧੇਰੇ ਵਿਚ ਡਰਦੇ ਹੀ ਰਹਿੰਦੇ ਹਾਂ। ਇਸ ਬਾਲਕ ਵਾਂਗ ਅੰਧੇਰੇ ਵਿਚ ਵਿਚਰਨ ਤੋਂ ਸੰਕੋਚ ਕਰਦੇ ਹਾਂ।

ਪਰ ਦੂਜੀ ਸੂਰਤ ਵਿਚ ਪ੍ਰਭੂ-ਪਿਤਾ ਦੇ ਅੰਗ ਸੰਗ ਅਹਿਸਾਸ ਕਾਰਨ ਜੋ ਪ੍ਰਭੂ-ਪਿਆਰੇ ਸੰਸਾਰ ਨੂੰ 'ਕਾਜਰ ਕੋਠਰੀ' ਨਹੀਂ ਸਮਝਦੇ, ਉਨ੍ਹਾਂ ਲਈ ਤਾਂ ਚਾਨਣਾ ਹੀ ਚਾਨਣਾ ਹੈ।

ਡਰਿ ਡਰਿ ਮਰਤੇ ਜਬ ਜਾਨਿਐ ਦੂਰਿ ॥
ਡਰੁ ਚੂਕਾ ਦੇਖਿਆ ਭਰਪੂਰਿ ॥੧॥
ਗਉੜੀ ਮ: ੫, ਪੰਨਾ ੧੮੬

ਗੱਲ ਡਰ ਦੀ ਹੋ ਰਹੀ ਸੀ। ਡਰ ਕੀ ਚੀਜ਼ ਹੈ? ਨਜ਼ਰੀ ਨਹੀਂ ਆਉਂਦਾ। ਪਰ ਅੰਤਰ-ਆਤਮੇ ਮਹਿਸੂਸ ਜ਼ਰੂਰ ਹੁੰਦਾ ਹੈ। ਸਰੀਰ ਕਰਕੇ ਕੋਈ ਕਿਤਨਾ ਹੀ ਰਿਸ਼ਟ ਪੁਸਟ ਕਿਉਂ ਨਾ ਹੋਵੇ, ਪਰ ਉਸ ਨੂੰ ਭੈ ਦੀ ਹਾਲਤ ਵਿਚ ਵੇਖ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਇਹ ਕਿਉਂ ਕੰਬ ਰਿਹਾ ਹੈ? ਡਰ, ਭਰਮ ਦਾ ਹੀ ਤਾਂ ਸਰੂਪ ਹੈ। ਰਾਤ ਨੂੰ ਰੱਸੀ ਲਟਕ ਰਹੀ ਹੋਵੇ, ਅੰਧੇਰੇ ਕਾਰਨ ਸੱਪ ਦਿਸਦਾ ਹੈ, ਤੇ ਸੱਪ ਤੋਂ ਅਸੀਂ ਡਰਦੇ ਹਾਂ। ਸੋ ਭਰਮ ਦਾ ਪ੍ਰਗਟਾਵਾ ਡਰ ਰਾਹੀਂ ਹੁੰਦਾ ਹੈ। ਭਰਮ ਦਾ ਪ੍ਰਗਟਾਅ ਹੋਰ ਭੀ ਕਈ ਤਰ੍ਹਾਂ ਹੋ ਸਕਦਾ ਹੈ। ਕਿਸੇ ਗ਼ਲਤ ਬੰਦੇ ਨੂੰ ਭੁਲੇਖੇ ਨਾਲ ਆਵਾਜ਼ ਮਾਰੀ ਜਾ ਸਕਦੀ ਹੈ। ਇਸੇ ਤਰ੍ਹਾਂ ਡਰ ਭੀ ਇਕ



www.AKJ.Org

ਅੱਛਾ ਖ਼ਾਸਾ ਪ੍ਰਗਟਾਵਾ ਹੈ, ਭਰਮ ਦਾ।

ਅਤੇ ਜਿੰਨਾ ਚਿਰ ਸਾਡੇ ਸਿਰ ਤੇ ਭਰਮ ਦੀ ਪੋਟਲੀ ਚੁਕੀ ਹੋਈ ਹੈ, ਉਤਨਾ ਚਿਰ ਸਾਨੂੰ ਇਸ ਦਾ ਡੰਨ ਭੁਗਤਣਾ ਪੈਂਦਾ ਹੈ, ਚਿੰਤਾ ਦੇ ਰੂਪ ਵਿਚ, ਹਰਖ ਸੋਗ ਦੇ ਰੂਪ ਵਿਚ, ਈਰਖਾ ਦ੍ਵੈਖ ਦੇ ਰੂਪ ਵਿਚ। ਪਰ ਜਦੋਂ ਭਰਮ ਦੀ ਪੋਟਲੀ ਉਤਾਰ ਕੇ ਗੁਰ-ਕਿਰਪਾ ਨਾਲ ਸਿਰੋਂ ਲਾਹ ਕੇ ਵਗਾ ਮਾਰੀਦੀ ਹੈ, ਫਿਰ ਬੰਦ ਬੰਦ ਕਟਣ ਤੇ ਚਾਹੇ ਖੋਪਰੀ ਉਤਾਰੀ ਜਾਏ, ਡਰ ਨਹੀਂ ਲਗਦਾ। ਉਸਨੂੰ ਇਕੋ ਚੀਜ਼ ਦਾ ਡਰ ਹੁੰਦਾ ਹੈ —

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥

ਆਸਾ ਰਵਿਦਾਸ ਜੀ, ੪੮੬

ਉਨ੍ਹਾਂ ਨੂੰ ਡਰ ਇਹੋ ਹੁੰਦਾ ਹੈ ਕਿਤੇ ਪ੍ਰਭੂ-ਪ੍ਰੇਮ ਜੈਸੀ ਉਤਮ ਵਸਤੂ ਨਾ ਚਲੀ ਜਾਏ। ਬਾਕੀ ਜੇ ਸਰੀਰ ਦੇ ਟੁਕੜੇ ਟੁਕੜੇ ਹੋ ਜਾਣ ਤਾਂ ਭੀ ਕੋਈ ਗੱਲ ਨਹੀਂ। ਇਸੇ ਲਈ ਅੰਧੇਰੇ ਪੱਖ ਤੋਂ ਨਿਕਲੇ ਹੋਏ ਲੋਗ, ਨਿਰਮਲ ਭਉ ਦੇ ਅਧਿਕਾਰੀ ਬਣ ਕੇ ਸੰਸਾਰੀ ਭਉ ਤੋਂ ਮੁਕਤ ਹੋ ਜਾਂਦੇ ਹਨ। ਉਹ ਇਸ ਸੰਸਾਰ ਵਿਚ ਵਿਚਰਦਿਆਂ, ਗੁਰੂ ਅਕਾਲ ਪੁਰਖ ਦੇ ਪ੍ਰੇਮ ਦੀ ਡੋਰੀ ਦੇ ਆਸਰੇ ਨਿਡਰ ਹੋ ਕੇ ਜੀਵਨ ਬਤੀਤ ਕਰਦੇ ਹਨ। ਇਤਿਹਾਸ ਵਿਚ ਅਨੇਕਾਂ ਮਿਸਾਲਾਂ ਮਿਲਦੀਆਂ ਹਨ ਇਹੋ ਜਿਹੇ ਨਿਡਰ ਬੰਦਿਆਂ ਦੀਆਂ।

ਇਸ ਤੋਂ ਇਉਂ ਲਗਦਾ ਹੈ ਕਿ ਡਰ ਭੀ ਦੋ ਕਿਸਮ ਦਾ ਹੈ। ਇਕ ਖ਼ੁਦਾਈ ਡਰ, ਜੋ ਉਤਮ ਅਤੇ ਨਿਰਮਲ ਭਉ ਹੈ। ਅਤੇ ਦੂਜਾ ਸੰਸਾਰੀ ਡਰ, ਜੋ ਨੀਵੇਂ ਕਿਸਮ ਦਾ ਹੈ। ਪਹਿਲੀ ਕਿਸਮ ਦੇ ਡਰ ਰਾਹੀਂ ਮਨੁਖ ਨਿਰਭਉ ਵਲ ਵਧਦਾ ਵਧਦਾ ਨਿਰ-ਭਉ ਦਾ ਸਰੂਪ ਹੋ ਜਾਂਦਾ ਹੈ ਅਤੇ 'ਸਦਾ ਵਿਗਾਸ' ਦੀ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ।

ਪਰ ਦੂਜੀ ਕਿਸਮ ਦੇ ਡਰ ਨਾਲ ਮਨੁਖ ਡਰੂ ਜਿਹਾ ਬਣ ਕੇ ਜੀਉਂਦਾ ਹੈ। ਜੋ ਆਪਣੇ ਆਪ ਨੂੰ ਨਿਡਰ ਆਖਦੇ ਹਨ ਉਹ ਨਿਰਮਲ ਭਉ ਤੋਂ ਬਿਨਾਂ ਡਰਾਕਲ ਜਿਹੇ ਬਣੇ ਰਹਿੰਦੇ ਹਨ। ਜਿਵੇਂ ਗੁਰਵਾਕ ਹੈ —

ਜਿਨਾ ਭਉ, ਤਿਨ ਨਾਹਿ ਭਉ,
ਮੁਚੁ ਭਉ ਨਿਭਵਿਆਹ ॥
ਨਾਨਕ ਏਹੁ ਪਟੰਤਰਾ
ਤਿਤੁ ਦੀਬਾਣਿ ਗਇਆਹ ॥੧॥

ਸਲੋਕ ਮ: ੨, ਪੰਨਾ ੭੮੮

ਇਨ੍ਹਾਂ ਦਾ ਫ਼ਰਕ ਅਗੇ ਜਾ ਕੇ ਪਤਾ ਲਗਦਾ ਹੈ।

---

(ਸਫਾ ੩੧ ਦੀ ਬਾਕੀ)

ਸੁਪ੍ਰੰ. ਲਾਲਵਾਨੀ ਮੇਰੇ ਪਾਸ ਆਇਆ ਤੇ ਕਹਿਣ ਲਗਾ ਕਿ ਹੁਣ ਉਹ (ਲਾਲਵਾਨੀ) ਕਿਰਪਾਨ ਦੇ ਕੇਸ ਨੂੰ ਕੋਸ਼ਿਸ਼ ਕਰ ਕੇ ਨਜਿੱਠਵਾਵੇਗਾ (ਉਸ ਨੇ ਮੈਥੋਂ Department of Trade London ਦੀ ਚਿੱਠੀ ਦੀ ਕਾਪੀ ਭੀ ਲੈ ਲਈ ਸੀ)। ਕੁਝ ਸਮੇਂ ਮਗਰੋਂ ਜਹਾਜ਼ ਨੇ ਬੰਬਈ ਲਈ ਚਾਲੇ ਪਾ ਲਏ। ਬੰਬਈ ਅੱਡੇ ਪਰ ਕਿਰਪਾਨ ਬਾਰੇ ਕੋਈ ਚੈਕਿੰਗ ਨਹੀਂ ਹੋਈ ਸੀ, ਕਿਉਂਕਿ ਜਹਾਜ਼ ਲੇਟ ਪੁਜਿਆ ਸੀ। ਸ਼ਾਇਦ ਇਸ ਕਰਕੇ ਚੈਕਿੰਗ ਨਾ ਹੋਈ ਹੋਵੇ) ਅਤੇ ਦਿੱਲੀ ਨੂੰ ਜਾਣ ਵਾਲੇ ਜਹਾਜ਼ ਦੇ ਚਾਲੇ ਪਾਉਣ ਵਿਚ ਘੰਟਾ ਕੁ ਬਾਕੀ ਰਹਿੰਦਾ ਸੀ। AI ੧੦੧ ਤੇ ਸਵਾਰ ਹੋ ਕੇ ੨੯. ੧੦. ੭੯ ਨੂੰ ਸਵੇਰੇ ਸਾਢੇ ਚਾਰ ਕੁ ਵਜੇ ਦਿਲੀ ਹਵਾਈ ਅੱਡੇ ਤੇ ਪੁਜ ਗਏ ਅਤੇ ਹਵਾਈ ਸਫਰ ਦੀ ਸਮਾਪਤੀ ਹੋ ਗਈ।

ਹਵਾਈ ਅਡਿਆਂ (Air ports) ਪਰ ਸ. ਪੁਲਸ ਅਤੇ ਏਅਰ ਲਾਈਨਜ (Air Lines Staff) ਵਾਲੇ ਸਿੰਘਾਂ ਨੂੰ ਗਿੱਦੜ ਭਬੱਕੀਆਂ ਦੇ ਕੇ ਯਰਕਾਉਣ ਦੀ ਕੋਸ਼ਿਸ਼ ਕਰਦੇ ਹਨ। ਗੁਰੂ-ਕਿਰਪਾ ਨਾਲ ਜਿਹੜਾ ਸਿੰਘ ਨਹੀਂ ਯਰਕਦਾ, ਉਸ ਨੂੰ ਤਾਂ ਗਾਤਰੇ-ਕਿਰ-ਪਾਨ ਸਜੇ-ਸਜਾਏ ਸਫਰ ਕਰਨ ਦੀ ਆਗਿਆ ਦੇ ਦਿੰਦੇ ਹਨ। ਭਾਵੇਂ ਅਖੰਡ ਕੀਰਤਨੀ ਜੱਥਾ ਯੂ. ਕੇ ਦੇ ਉਦਮਾਂ ਨਾਲ ਇੰਗਲੈਂਡ ਵਿਚ ਗਾਤਰੇ-ਕਿਰ-ਪਾਨ ਸਮੇਤ ਸਫਰ ਕਰਨ ਦੀ ਆਜ਼ਾਦੀ ਪ੍ਰਾਪਤ ਕਰ ਲਈ ਗਈ ਹੈ, ਪਰ ਇਨ੍ਹਾਂ ਮਿਲੀਆਂ ਸਹੂਲਤਾਂ ਨੂੰ ਅਮਲੀ ਤੌਰ ਤੇ ਲਾਗੂ ਕਰਵਾਉਣ ਲਈ ਵੀ, ਸਫਰ ਕਰਨ ਸਮੇਂ ਸਿੰਘਾਂ ਨੂੰ ਡੱਟਣਾ ਹੀ ਪਵੇਗਾ। ਸੰਸਾਰ ਭਰ ਦੇ ਸਮੂਹ ਸਿੰਘਾਂ ਸਿੰਘਣੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਹਵਾਈ ਜਹਾਜ਼ ਰਾਹੀਂ ਸਫਰ ਗੁਰੂ ਸਾਹਿਬ ਦੀ ਟੇਕ ਲੈ ਕੇ ਗਾਤਰੇ-ਕਿਰਪਾਨ ਸਜੇ-ਸਜਾਏ ਹੀ ਕੀਤਾ ਜਾਇਆ ਕਰੇ।

www.AKJ.Org

# ਮੇਰਠ ਦੇ ਸਿਖਾਂ ਵਿਚ ਭਾਰੀ ਗ਼ਮ ਤੇ ਗੁਸਾ

ਗੁ: ਸਤਿਸੰਗ ਸਦਰ ਬਜ਼ਾਰ ਮੇਰਠ ਦਾ ਅਜ ਦਾ ਭਾਰੀ ਸਜਿਆ ਦੀਵਾਨ ਗੁ: ਬਾਬਾ ਸ੍ਰੀ ਚੰਦ ਜੀ ਰਜਮੈਂਟ ਬਜ਼ਾਰ ਮੇਰਠ ਦੇ ਨਿਸ਼ਾਨ ਸਾਹਿਬ ਨੂੰ ਜਲਾਣ ਵਾਲੇ ਸ਼ਰਾਰਤੀ ਅਨਸਰ ਦੀ ਸਖ਼ਤ ਨਿਖੇਧੀ ਕਰਦਾ ਹੈ। ਦੋਸ਼ੀਆਂ ਨੂੰ ਸਜ਼ਾ ਦੇਣ ਦੀ ਬਜਾਏ ਉਲਟਾ ਪੋਲੀਸ ਨੇ ਸ੍ਰੀ ਅਖੰਡਪਾਠ ਸਾਹਿਬ ਨੂੰ ਖੰਡਨ ਕਰ ਕੇ ਤੇ ਗੁ: ਸਾਹਿਬ ਨੂੰ ਸੀਲ-ਮੋਹਰ ਕਰ ਕੇ ਘੋਰ ਪਾਪ ਕੀਤਾ ਹੈ, ਜਿਸ ਨੂੰ ਸਿਖ ਕੌਮ ਕਦੇ ਮਾਫ਼ ਨਹੀਂ ਕਰ ਸਕਦੀ।

ਇਥੇ ਹੀ ਬਸ ਨਹੀਂ, ਸ਼ਾਂਤਮਈ ਪ੍ਰੋਟੈਸਟ ਜਲੂਸ ਤੇ ਬਗੈਰ ਵਾਰਨਿੰਗ ਦੇ ਅੰਧਾ ਧੁੰਧ ਲਾਠੀ ਚਾਰਜ ਕਰ ਕੇ ਨਿਹੱਥੇ ਸਿੰਘਾਂ ਨੂੰ ਸਖਤ ਫਟੜ ਕੀਤਾ ਗਿਆ। ਸਰਕਾਰ ਦੇ ਇਨ੍ਹਾਂ ਅਤਿਆਚਾਰਾਂ ਨੇ ਤਾਂ ਬਦੇਸ਼ੀ ਹਕੂਮਤ ਨੂੰ ਭੀ ਮਾਤ ਕਰ ਦਿਤਾ ਹੈ।

ਇਹ ਦੀਵਾਨ ਸੰਟ੍ਰਲ ਹਕੂਮਤ ਤੇ ਯੂ. ਪੀ. ਸ੍ਰਕਾਰ ਪਾਸੋਂ ਜ਼ੋਰਦਾਰ ਅਖਰਾਂ ਵਿਚ ਮੰਗ ਕਰਦਾ ਹੈ ਕਿ ਲਾਠੀ ਚਾਰਜ ਦੀ ਜੋਡੀਸ਼ਲ ਕਾਰਵਾਈ ਕਰਾਈ ਜਾਵੇ, ਅਤੇ ਦੋਸ਼ੀਆਂ ਨੂੰ ਕਰੜੀ ਤੋਂ ਕਰੜੀ ਸਜ਼ਾ ਦਿਤੀ ਜਾਵੇ ਤੇ ਗੁਰਦਵਾਰਾ ਸਾਹਿਬ ਨੂੰ ਫ਼ੋਰਨ ਖੋਲ੍ਹ ਕੇ ਸਿਖ ਹਿਰਦਿਆਂ ਵਿਚ ਵਧ ਰਹੇ ਗੁਸੇ ਨੂੰ ਸ਼ਾਂਤ ਕੀਤਾ ਜਾਵੇ।

ਸਕਤ੍ਰ ਗੁ: ਸਤਿਸੰਗ, ਸਦਰ ਬਜ਼ਾਰ, ਮੇਰਠ

# ਪਿੰਡ ਘੋੜੇ ਵਾਹ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਸਮੂਹ ਗੁਰਸਿਖ ਸੰਗਤਾਂ ਦੇ ਚਰਨਾਂ ਵਿਚ ਦੋ ਕਰ ਜੋੜ ਬੇਨਤੀ ਹੈ ਕਿ ਅਖੰਡ ਕੀਰਤਨੀ ਜਥਿਆਂ ਵਲੋਂ ਪਿੰਡ ਘੋੜੇਵਾਹ ਵਿਖੇ ੮ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਪ ਜੀ ਪਰਵਾਰਾਂ ਸਹਿਤ ਦਰਸ਼ਨ ਦੇ ਕੇ ਦਾਸਾਂ ਨੂੰ ਨਿਵਾਜੋ ਅਤੇ ਗੁਰੂ-ਚਰਨਾਂ ਨਾਲ ਜੋੜਨ ਦੀ ਬਖਸ਼ਸ਼ ਕਰੋ ਜੀ। ਘੋੜੇਵਾਹ ਪਿੰਡ, ਗੁਰਦਾਸਪੁਰ ਤੋਂ ਸ੍ਰੀ ਹਰਿਗੋਬਿੰਦ ਪੁਰ ਜਾਣ ਵਾਲੀ ਸੜਕ ਉਪਰ ਹੈ। ਗੁਰਦਾਸ ਪੁਰ ਤੋਂ ਸ੍ਰੀ ਹਰਿਗੋਬਿੰਦਪੁਰ ਅਤੇ ਬਟਾਲੇ ਤੋਂ ਤੁਗਲ ਵਾਲਾ ਨੂੰ ਬਸਾਂ ਮਿਲਦੀਆਂ ਹਨ। ਤੁਗਲ ਵਾਲਾ ਪੁਲ ਤੇ ਉਤਰਨਾ ਹੈ।

ਦਾਸਰਾ—ਜਸਬੀਰ ਸਿੰਘ ਸਪੁਤਰ ਸ: ਭਗਤ ਸਿੰਘ ਅਤੇ ਸਾਧ ਸੰਗਤ ਪਿੰਡ ਘੋੜੇਵਾਹ, ਜ਼ਿਲਾ ਗੁਰਦਾਸਪੁਰ

# ਦਿਆਲਪੁਰ ਵਿਖੇ ਰੈਣ ਸਬਾਈ ਕੀਰਤਨ

ਮਾਸਟਰ ਗੁਰਬਚਨ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਡਾਕਟਰ ਬਾਲ ਸਿੰਘ ਜੀ ਦੇ ਗ੍ਰਹਿ ਪਿੰਡ ਦਿਆਲਪੁਰ ਵਿਖੇ ੧੫ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਪਾਸ ਜੋਦੜੀ ਹੈ ਕਿ ਆਇ ਦੀਦਾਰ ਬਖ਼ਸ਼ੋ ਜੀ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਦਿਆਲਪੁਰ ਜ਼ਿਲਾ ਜਲੰਧਰ

# ਮੋਗਾ ਸ਼ਹਿਰ ਵਿਖੇ ਮਾਸਕ ਰੈਣ ਸਬਾਈ ਕੀਰਤਨ

ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਗੁਰਦਵਾਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਇੰਦਰ ਸਿੰਘ ਗਿਲ ਨਗਰ ਦੋਸਾਂਝ ਰੋਡ, (ਵਡੇ ਬਿਜਲੀ ਘਰ ਦੇ ਪਿਛਲੇ ਪਾਸੇ) ਮੋਗਾ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ੮ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ।

ਪੁਛ ਗਿਛ:—ਮਾ: ਉਜਾਗਰ ਸਿੰਘ ਜੀ ਫਰਵਾਲੀ ਡਾਕਘਰ ਲੋਹਟਬਟੀ (ਸੰਗਰੂਰ)

ਦਾਸਰੇ—ਨਿਧਾਨ ਸਿੰਘ, ਕਰਨੈਲ ਸਿੰਘ, ਚੇਤ ਸਿੰਘ (ਮਾਸਟਰ), ਮੋਗਾ



www.AKJ.Org

# ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ

(ਲਾਲਾ ਦੌਲਤ ਰਾਏ ਦੀਆਂ ਨਜ਼ਰਾਂ ਵਿਚ)

ਅਜ ਤੋਂ ੮੦ ਕੁ ਸਾਲ ਪਹਿਲਾਂ ਪ੍ਰਸਿਧ ਆਰੀਆ ਸਮਾਜੀ ਲੇਖਕ ਲਾਲਾ ਦੌਲਤ ਰਾਏ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਆਪਣੇ ਨਜ਼ਰੀਏ ਤੋਂ ਲਿਖੀ। ਪੁਸਤਕ ਦੇ ਅੰਤ ਵਿਚ ਗੁਰੂ ਸਾਹਿਬ ਦੇ ਜੋ ਵਿਸ਼ੇਸ਼ ਗੁਣ ਲਿਖੇ ਹਨ ਉਨ੍ਹਾਂ ਵਿਚੋਂ ਕੁਝ ਕੁ ਸਤਰਾਂ ਪਾਠਕਾਂ ਦੀ ਭੇਟ ਹਨ।

—ਸੰਪਾਦਕ

ਗੁਰੂ ਗੋਬਿੰਦ ਸਿੰਘ ਸੱਚੇ ਤਿਆਗੀ ਸਨ ਤੇ ਨਿਸ਼ਕਾਮ ਦੇਸ਼ ਭਗਤ। ਕ੍ਰਿਸ਼ਨ ਤੇ ਭੀਸ਼ਮ ਨੇ ਮਹਾਂਭਾਰਤ ਵਿਚ ਉਪਦੇਸ਼ ਕਰਦਿਆਂ ਆਖਿਆ ਹੈ ਕਿ ਸਭ ਤੋਂ ਵਡਾ ਤਿਆਗੀ ਪੁਰਸ਼ ਉਹ ਹੁੰਦਾ ਹੈ ਜੋ ਦੂਜਿਆਂ ਦੀ ਭਲਾਈ ਲਈ ਆਪਣੇ ਪ੍ਰਾਣ ਤਿਆਗਦਾ ਹੈ ਤੇ ਗੁਰੂ ਜੀ ਨੇ ਦੂਜਿਆਂ ਦੇ ਲਾਭ ਲਈ ਨਾ ਕੇਵਲ ਆਪਣੇ ਪ੍ਰਾਣ ਹੀ ਤਿਆਗੇ ਸਗੋਂ ਉਨ੍ਹਾਂ ਸਭ ਕੁਝ, ਜੋ ਕੁਝ ਵੀ ਉਨ੍ਹਾਂ ਦਾ ਇਸ ਸੰਸਾਰ ਵਿਚ ਸੀ, ਤੇ ਕਿਸੇ ਇਨਸਾਨ ਕੋਲ ਹੋ ਸਕਦਾ ਹੈ, ਉਹ ਦੇਸ਼-ਭਗਤੀ ਤੇ ਲਾ ਦਿਤਾ। ਜੋ ਪਾਈ ਪੈਸਾ ਉਨ੍ਹਾਂ ਪਾਸ ਆਇਆ, ਸਾਰਾ ਕੌਮ ਦੇ ਅਰਪਨ ਕੀਤਾ। ਆਪਣੀ ਸਾਰੀ ਸੰਤਾਨ ਕੌਮ ਤੋਂ ਘੋਲ ਘੁਮਾਈ। ਆਪਣੇ ਪੰਜ ਪਿਆਰੇ ਕੌਮ ਤੋਂ ਵਾਰੇ। ਆਪਣੀ ਤਾਕਤ ਤੇ ਭੁਜ-ਬਲ ਨੂੰ ਕੌਮ ਦੇ ਲੇਖੇ ਲਾਇਆ। ਆਪਣੀ ਦਿਮਾਗੀ ਸ਼ਕਤੀ ਕੌਮ ਲਈ ਵਕਫ਼ ਕੀਤੀ। ਉਸਾਰੂ ਸਾਹਿੱਤ ਰਚਿਆ ਤੇ ਕੌਮ ਵਿਚ ਨਵਾਂ ਜੀਵਨ ਤੇ ਸਾਹਸ ਪੈਦਾ ਕੀਤਾ। ਆਪਣੇ ਸੁਖ-ਚੈਨ ਨੂੰ ਕੌਮ ਤੋਂ ਘੋਲ ਘੁਮਾਇਆ। ਆਪਣੇ ਸਰੀਰ ਤੇ ਜਿਸਮ ਦੇ ਲਹੂ ਨੂੰ ਕੌਮ ਤੋਂ ਨਿਛਾਵਰ ਕੀਤਾ। ਕਿਹੜੀ ਚੀਜ਼ ਸੀ ਜੋ ਕੌਮ ਦੇ ਅਰਪਨ ਨਹੀਂ ਕੀਤੀ? ਕਿਹੜੀ ਚੀਜ਼ ਸੀ ਜੋ ਕੌਮ ਤੋਂ ਛੁਪਾ ਕੇ ਰਖੀ? ਇਸ ਵਾਸਤੇ ਹੀ ਭਾਰਤ-ਵਰਸ਼ ਵਿਚ ਸਭ ਤੋਂ ਵੱਡੇ ਤਿਆਗੀ ਗੁਰੂ ਗੋਬਿੰਦ ਸਿੰਘ ਜੀ ਹੀ ਸਨ।

ਤਿਆਗ ਉਸ ਨੂੰ ਆਖਦੇ ਹਨ ਕਿ ਕੁਝ ਪਾਸ ਹੋਵੇ ਤਾਂ ਉਸ ਨੂੰ ਕੁਰਬਾਨ ਕਰ ਦਿਤਾ ਜਾਵੇ, ਵਾਰ ਦਿਤਾ ਜਾਵੇ। ਬੁੱਧ ਦਾ ਤਿਆਗ ਸੀ, ਭੀਸ਼ਮ ਦਾ ਤਿਆਗ ਵੀ ਸੀ। ਬੁਧ ਦਾ ਤਿਆਗ ਸੰਸਾਰ ਦੇ ਦੁਖਾਂ ਕਲੇਸ਼ਾਂ ਤੇ ਤਕਲੀਫ਼ਾਂ ਤੋਂ ਉਪਰਾਮ ਹੋ ਕੇ ਸੀ, ਡਰ ਕਾਰਨ ਸੀ। ਭੀਸ਼ਮ ਦਾ ਤਿਆਗ ਖ਼ੁਦਗਰਜ਼ੀ ਕਾਰਨ ਆਪਣੇ ਪਿਤਾ ਦੀ ਪ੍ਰਸੰਨਤਾ ਹਾਸਲ ਕਰਨ ਵਾਸਤੇ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਦਾ ਤਿਆਗ ਮਹਾਨ ਤਿਆਗ ਸੀ ਤੇ ਨਿਰੋਲ ਕੌਮ ਤੇ ਦੇਸ਼ ਲਈ ਸੀ। ਇਹ ਪਹਿਲਾ ਤਿਆਗ ਹੈ ਜਿਸ ਨੂੰ ਕਿ ਸੱਚਾ ਤਿਆਗ ਆਖਿਆ ਜਾ ਸਕਦਾ ਹੈ।

ਕਿਸੇ ਚੀਜ਼ ਨੇ ਵੀ ਗੁਰੂ ਜੀ ਦੇ ਦਿਲ ਵਿਚ ਉਹ ਥਾਂ ਹਾਸਲ ਨਹੀਂ ਕੀਤੀ, ਜੋ ਦੁਖਿਤ ਹੋ ਰਹੀ ਹਿੰਦੂ ਜਾਤੀ ਤੇ ਹਿੰਦੂ ਧਰਮ ਦੀ ਰੱਖਿਆ ਦੀ ਭਾਵਨਾ ਨੇ ਕੀਤੀ। ਨਾ ਕਦੇ ਕਾਰਜ ਦਾ ਸਿਲਾ ਹੀ ਮੰਗਿਆ, ਨਾ ਕਿਸੇ ਤੋਂ ਕਦਰ ਕੀਮਤ ਪੁਆਉਣ ਜਾਂ ਕੋਈ ਸ਼ਲਾਘਾ ਕਰਾਉਣ ਦੀ ਇਛਾ ਕੀਤੀ।

ਇਕੋ ਹੀ ਵਿਅਕਤੀ ਵਿਚ ਸਾਰੇ ਗੁਣ ਮਿਲਣੇ ਅਸੰਭਵ ਹਨ, ਪਰ ਗੁਰੂ ਜੀ ਹਰ ਪੱਖੋਂ ਕਾਮਿਲ ਸਨ। ਉਚ ਕੋਟੀ ਦੇ ਕਵੀ, ਧਾਰਮਿਕ ਆਗੂ, ਧਰਮ ਸੁਧਾਰਕ ਤੇ ਪਾਰਦਰਸ਼ਕ ਸਿਪਾਹ-ਸਲਾਰ, ਭਾਵ ਫ਼ੌਜੀ ਜਰਨੈਲ। ਕਵੀ ਵੀ ਐਸੇ ਸਨ ਕਿ ਕਵਿਤਾ ਵਿਚ ਵਿਸ਼ੇ-ਵਸਤੂ ਤੇ ਵਲਵਲੇ ਅਨੇਕ ਪਰਕਾਰ ਦੇ ਸਨ। ਬੜੀ ਸੂਝ ਤੇ ਤੀਖਣ ਬੁਧੀ ਵਾਲੇ ਰੀਫ਼ਾਰਮਰ ਸਨ, ਜੋ ਬੁਨਿਆਦੀ ਤੇ ਕਮਜ਼ੋਰੀ ਦੀ ਜੜ੍ਹ ਨੂੰ ਹੀ ਪਛਾਣਦੇ ਤੇ ਪਕੜਦੇ ਸਨ ਅਤੇ ਉਸ ਨੂੰ ਜੜ੍ਹੋਂ ਹੀ ਉਖਾੜਦੇ ਸਨ। ਧਾਰਮਿਕ ਆਗੂ ਅਜਿਹੇ ਹਰ-ਮਨ ਪਿਆਰੇ ਕਿ ਉਨ੍ਹਾਂ ਦੇ ਅਨੇਕਾਂ ਸਿਖ ਸੇਵਕ ਉਨ੍ਹਾਂ ਤੋਂ ਪ੍ਰਾਣ ਨਿਛਾਵਰ ਕਰ ਗਏ। ਰਣ-ਖੇਤਰ ਦੇ ਅਦੁਤੀ ਤੇ ਨਿਡੱਰ ਫ਼ੌਜੀ ਕਮਾਂਡਰ। ਦੂਰ-ਦ੍ਰਿਸ਼ਟੀ ਵਾਲੇ ਸੂਝਵਾਨ। ਸੱਚੇ ਸੁੱਚੇ ਦੇਸ਼ ਭਗਤ, ਕੌਮ ਤੋਂ ਆਪਾ ਵਾਰਨ ਵਾਲੇ, ਸਭ ਕੁਝ ਘੋਲ ਘੁਮਾਉਣ ਵਾਲੇ ਸੱਚੇ ਆਸ਼ਕ, ਅਣਥੱਕ ਕੌਮੀ ਉਸਰਈਏ, ਸ਼ਹੀਦਾਂ ਵਿਚੋਂ ਮੁਖੀ ਸ਼ਹੀਦ:



www.AKJ.Org

ਕ੍ਰਿਸ਼ਨ ਜੀ, ਰਾਮ ਚੰਦਰ ਜੀ ਤੇ ਸ਼ੰਕਰ ਆਪਣੀ ਥਾਂ ਵਡੇ ਆਦਮੀ ਸਨ ਤੇ ਉਨ੍ਹਾਂ ਵੀ ਆਪਣੀ ਆਪਣੀ ਜਗ੍ਹਾ ਤੇ ਸਮੇਂ ਬਹੁਤ ਉਚੇ ਤੇ ਵਡੇ ਕੰਮ ਪੂਰੇ ਕੀਤੇ। ਪਰ ਗੁਰੂ ਜੀ ਦਾ ਅਸਥਾਨ ਉਨ੍ਹਾਂ ਤੋਂ ਕਿਤੇ ਵਿਸ਼ੇਸ਼ ਪ੍ਰਮੁਖ ਹੈ। ਗੁਰੂ ਜੀ ਇਨ੍ਹਾਂ ਸਾਰਿਆਂ ਪਾਸੋਂ ਕੌਮੀ ਖੇਤਰ ਵਿਚ ਬਹੁਤ ਅਗੇ ਨਿਕਲ ਗਏ ਤੇ ਇਨ੍ਹਾਂ ਸਭਨਾਂ ਨੂੰ ਪਿਛੇ ਛਡ ਗਏ, ਜਿਵੇਂ ਸਮੇਂ ਦੇ ਲਿਹਾਜ਼ ਨਾਲ ਉਹ ਉਨ੍ਹਾਂ ਪਾਸੋਂ ਆਪ ਕਾਫ਼ੀ ਪਿਛੋਂ ਕਾਰਜ-ਖੇਤਰ ਵਿਚ ਆਏ ਸਨ। ਕ੍ਰਿਸ਼ਨ ਜੀ ਰਾਜਿਆਂ ਤੇ ਰਜਵਾੜਿਆਂ ਦੇ ਮਨ ਅੰਦਰੋਂ ਕਾਇਰਤਾ ਨੂੰ ਕਢਣ ਦਾ ਬੀੜਾ ਚੁਕਦੇ ਹਨ, ਪਰ ਗੁਰੂ ਜੀ ਉਨ੍ਹਾਂ ਪ੍ਰਾਣੀਆਂ ਨੂੰ ਉਚਿਆਂ ਚੁਕ ਰਹੇ ਸਨ ਤੇ ਉਨ੍ਹਾਂ ਵਿਚ ਹਿੰਮਤ ਤੇ ਬਲ ਭਰ ਰਹੇ ਸਨ ਜੋ ਸਦੀਆਂ ਤੋਂ ਲਿਤਾੜੇ ਜਾਣ ਕਰਕੇ ਮਿੱਟੀ ਵਿਚ ਮਿਲ ਕੇ ਮਿੱਟੀ ਹੀ ਹੋ ਚੁਕੇ ਸਨ, ਜਿਨ੍ਹਾਂ ਕਦੇ ਸੁਫਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਹ ਉੱਚਾ ਤੱਕ ਸਕਣਗੇ ਤੇ ਸਿਰ ਉੱਚਾ ਕਰਕੇ ਤੁਰ ਸਕਣਗੇ ਜਾਂ ਫਿਰ ਰਣ-ਭੂਮੀ ਵਿਚ ਉਹ ਅਜਿਹੇ ਕਰਤੱਬ ਦਿਖਾਉਣਗੇ ਤੇ ਅਜਿਹੀ ਵੀਰਤਾ ਦਿਖਾ ਕੇ ਮਲਾਂ ਮਾਰਨਗੇ ਕਿ ਅਰਜਨ ਦੇ ਕਾਰਨਾਮੇ ਵੀ ਭੁਲ ਜਾਣਗੇ। ਗੁਰੂ ਜੀ ਨੇ ਫੌਜੀ ਅਸਲੇ ਤੋਂ ਬਿਨਾਂ ਹੀ ਸਾਰੇ ਭਾਰਤ ਵਰਸ਼ ਦੀ ਮੁਗਲ ਹਕੂਮਤ ਦਾ ਟਾਕਰਾ ਕਰ ਕੇ ਵਿਖਾਇਆ।

ਉਹ ਉਚੇ ਹੌਸਲੇ ਵਾਲੇ ਤੇ ਪੱਕੇ ਇਰਾਦੇ ਵਾਲੇ ਸਨ। ਪਿਤਾ ਜੀ ਦੇ ਸ਼ਹੀਦ ਹੋਣ ਤੋਂ ਪਿਛੋਂ ਉਨ੍ਹਾਂ ਜੋ ਉਦੇਸ਼ ਕਲਪਿਆ ਤੇ ਪ੍ਰਣ ਕੀਤਾ, ਉਸ ਨੂੰ ਆਖਰੀ ਸਵਾਸਾਂ ਤਕ ਨਿਭਾਇਆ। ਕੋਈ ਸਮਾਂ ਉਨ੍ਹਾਂ ਦੇ ਜੀਵਨ ਦਾ ਅਜਿਹਾ ਨਹੀਂ ਵਿਖਾਈ ਦਿੰਦਾ, ਕੋਈ ਵਕਤ, ਕੋਈ ਮਹੀਨਾ, ਕੋਈ ਹਫਤਾ ਜਾਂ ਕੋਈ ਦਿਨ ਨਹੀਂ ਜਦ ਉਨ੍ਹਾਂ ਆਪਣੇ ਉਦੇਸ਼ ਤੋਂ ਮੁਖ ਮੋੜਿਆ ਹੋਵੇ। ਸਾਰਾ ਜੀਵਨ ਹੀ ਉਸੇ ਲਗਨ ਵਿਚ ਲਗੇ ਰਹੇ। ਜੋ ਵੀ ਧੁਨ ਧਾਰਨ ਕੀਤੀ, ਅੰਤ ਤਕ ਉਸ ਦੇ ਧਾਰਨੀ ਹੋ ਨਿਬੜੇ। ਅਤੇ ਕਿਸੇ ਹਾਲਤ ਵਿਚ ਵੀ ਉਸ ਧੁਨ ਨੂੰ ਆਪਣੀਆਂ ਅੱਖਾਂ ਤੋਂ ਉਹਲੇ ਨਾ ਹੋਣ ਦਿਤਾ। ਕੋਈ ਮੁਸੀਬਤ, ਕੋਈ ਰੰਜ ਫ਼ਿਕਰ, ਕੋਈ ਸਖਤੀ ਤੇ ਔਕੜ ਜਾਂ ਕਠਨਾਈ ਉਨ੍ਹਾਂ ਦੀ ਸੋਚ-ਸ਼ਕਤੀ ਤੇ ਬੋਝਲ ਨਹੀਂ ਬਣ ਸਕੀ, ਤੇ ਨਾ ਹੀ ਉਨ੍ਹਾਂ ਦੇ ਦਿਮਾਗ਼ ਤੇ ਹੀ ਭਾਰੂ ਹੋ ਸਕੀ।

ਪਾਠਕ ਜਨ ਖ਼ੁਦ ਹੀ ਅੰਦਾਜ਼ਾ ਲਗਾ ਲੈਣ ਕਿ ਇਕਾਂਤ-ਵਾਸ ਫ਼ਕੀਰ ਤੇ ਇਕਾਂਤ-ਪਸੰਦ ਦਰਵੇਸ਼ ਕੋਲ ਕੀ ਕੁਝ ਰਸਦਾਂ ਤੇ ਜੰਗੀ ਸਾਮਾਨ ਹੋ ਸਕਦਾ ਸੀ! ਆਮਦਨੀ ਦੇ ਕਿਹੜੇ ਸਾਧਨ ਹੋ ਸਕਦੇ ਸਨ ਤੇ ਕਿਤਨਾ ਕੁ ਧਨ ਹੋ ਸਕਦਾ ਸੀ! ਪਰ ਕਿਸੇ ਵੀ ਖਿਆਲ, ਥੁੜ ਜਾਂ ਘਾਟ ਨੇ ਕਦੇ ਵੀ ਉਨ੍ਹਾਂ ਦੀ ਸਪਿਰਿਟ ਤੇ ਟੇਕ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਹੀਂ ਪੈਣ ਦਿਤਾ। ਪੁੱਤਰਾਂ ਦੀ ਸ਼ਹੀਦੀ ਜਿਹੀ ਕੁਰਬਾਨੀ ਵੀ ਉਹਨਾਂ ਨੂੰ ਗ਼ਮਗੀਨ ਨਾ ਕਰ ਸਕੀ ਤੇ ਨਾ ਹੀ ਉਨ੍ਹਾਂ ਨੂੰ ਉਦੇਸ਼ ਤੋਂ ਥਿੜਕਾ ਸਕੀ। ਮਾਤਾ ਪਿਤਾ ਪੁਤਰਾਂ ਤੇ ਇਸਤ੍ਰੀ, ਭਾਵ ਕਿ ਕਿਸੇ ਦੀ ਜੁਦਾਈ ਨੇ ਵੀ ਉਨ੍ਹਾਂ ਦੀ ਹਿੰਮਤ ਨੂੰ ਡੇਗਿਆ ਜਾਂ ਡੋਲਾਇਆ ਨਹੀਂ। ਉਹ ਇਕ-ਸਾਰਤਾ ਨਾਲ ਪ੍ਰਭੂ-ਭਗਤੀ ਵਿਚ ਮਗਨ, ਲੀਨ ਤੇ ਮਨੁਖਤਾ ਨੂੰ ਉਚਿਆਣ ਦੇ ਨਸ਼ੇ ਵਿਚ ਮਖਮੂਰ ਹੀ ਜੋਤੀ ਜੋਤਿ ਸਮਾਏ।

ਗੁਰੂ ਗੋਬਿੰਦ ਸਿੰਘ ਜੀ ਹਮਾਲੀਆ ਪਰਬਤ ਵਾਂਗ ਅਹਿੱਲ ਤੇ ਅਚੱਲ ਸਨ। ਸਭ ਕੁਝ ਗਵਾ ਕੇ, ਦਾਅ ਤੇ ਲਾ ਕੇ ਤੇ ਦੇਸ਼ ਦੀ ਅਜ਼ਾਦੀ ਲਈ ਕੀਤੇ ਸੰਗਰਾਮ ਵਿਚ ਵਡੀ ਤੋਂ ਵਡੀ ਕੁਰਬਾਨੀ ਦੇ ਕੇ ਵੀ ਨਾ ਥਕਾਵਟ ਮਹਿਸੂਸ ਕੀਤੀ ਤੇ ਨਾ ਹੀ ਆਰਾਮ ਯਾ ਦਮ ਲੈਣ ਦੀ ਇੱਛਾ ਪਰਗਟ ਕੀਤੀ। ਘਰ ਘਾਟ ਗਵਾ ਕੇ, ਸਾਰਾ ਸਾਜ਼ੋ ਸਾਮਾਨ ਲੁਟਾ ਕੇ ਤੇ ਵਤਨ ਤੋਂ ਵਿਛੜ ਕੇ ਜਦੋਂ ਵੀ ਥੋੜੀ ਜਿਹੀ ਫੁਰਸਤ ਮਿਲੀ, ਦਮ ਲੈਣ ਦਾ ਮੌਕਾ ਆਇਆ, ਫਿਰ ਆਪਣੇ ਕਾਰਜ ਨੂੰ ਅਰੰਭ ਦਿਤਾ। ਮੁਸੀਬਤਾਂ, ਦੁਖਾਂ, ਔਕੜਾਂ ਤੇ ਰੰਜਸ਼ਾਂ ਨਾਲ ਗੁਰੂ ਜੀ ਦੀ ਹਿੰਮਤ ਵਧਦੀ, ਤਬੀਅਤ ਤੇ ਹੋਰ ਹੀ ਰੰਗ ਚੜ੍ਹਦਾ ਤੇ ਚੇਹਰੇ ਤੇ ਲਾਲੀ ਭਖਦੀ। ਅੰਤਮ ਸਮੇਂ ਤਕ ਗੁਰੂ ਜੀ ਨੇ ਆਪਣੇ ਮਿਸ਼ਨ ਨੂੰ ਹੀ ਆਪਣੇ ਸਾਹਮਣੇ ਰਖਿਆ ਤੇ ਰੰਚਕ ਮਾਤਰ ਇਧਰ ਉਧਰ ਨਹੀਂ ਹੋਏ।

ਸੰਸਾਰ ਦੇ ਇਤਿਹਾਸ ਵਿਚ ਉਨ੍ਹਾਂ ਇਕ ਮਿਸਾਲ ਕਾਇਮ ਕਰ ਵਿਖਾਈ ਤੇ ਉਨ੍ਹਾਂ ਸਿਧ ਕਰ ਦਿਤਾ ਕਿ ਉਹ ਕਿਡੇ ਵਡੇ ਦਲੇਰ ਤੇ ਦ੍ਰਿੜ੍ਹ ਇਰਾਦੇ ਦੇ ਮਾਲਕ ਸਨ। ਉਹ ਅਜਿਹੇ ਮਰਦਿ-ਮੈਦਾਨ ਸਨ ਕਿ ਕੇਵਲ



www.AKJ.Org

ਚਾਲੀ ਸਿੰਘਾਂ ਨਾਲ ਹੀ ਚਮਕੌਰ ਦੀ ਕੱਚੀ ਗੜ੍ਹੀ ਵਿਚ ਲਖਾਂ ਦੀ ਗਿਣਤੀ ਵਿਚ ਸ਼ਾਹੀ ਫ਼ੌਜ ਦੇ ਘੇਰੇ ਵਿਚ ਹੁੰਦਿਆਂ ਵੀ ਹਥਿਆਰ ਨਹੀਂ ਸੁਟੇ ਤੇ ਡਟੇ ਰਹੇ ਅਤੇ ਆਖ਼ਰੀ ਸਿੰਘ ਦੀ ਸ਼ਹੀਦੀ ਤਕ ਟਾਕਰਾ ਕੀਤਾ।

ਗੁਰੂ ਜੀ ਰਣ-ਭੂਮੀ ਵਿਚ ਇਕ ਨਿਪੁੰਨ ਜਰਨੈਲ ਵਾਂਗ ਆਪਣੇ ਕੰਮ ਦੀ ਅਗਵਾਈ ਕਰਦੇ ਤੇ ਨਿਭਾਉਂਦੇ ਸਨ। ਇਹੋ ਕਾਰਨ ਸੀ ਕਿ ਕਈ ਵਾਰ ਸਿੰਘਾਂ ਦੇ ਆਪਣੇ ਛੋਟੇ ਜਿਹੇ ਜਥੇ ਨਾਲ ਸ਼ਾਹੀ ਫ਼ੌਜਾਂ ਨੂੰ ਵੀ ਹਾਰ ਦੇ ਸਕੇ। ਉਹ ਬਹੁਤ ਨਿਡੱਰ ਸਨ ਤੇ ਕਿਸੇ ਖ਼ਤਰੇ ਦੀ ਪ੍ਰਵਾਹ ਨਹੀਂ ਸੀ ਕਰਦੇ। ਉਹ ਆਪ ਤਲਵਾਰ ਨਾਲ ਹਰ ਪਾਸੇ ਤੇ ਹਰ ਸਮੇਂ ਬਿਜਲੀ ਵਾਂਗ ਚਮਕਦੇ ਤੇ ਗਜਦੇ ਸਨ। ਉਹ ਬੜੇ ਚੁਸਤ, ਫੁਰਤੀਲੇ ਤੇ ਜੋਸ਼ੀਲੇ ਸਨ। ਜਿਧਰ ਵੀ ਲੋੜ ਹੁੰਦੀ, ਤੁਰੰਤ ਅਪੜ ਜਾਂਦੇ।

ਉਹ ਸਮੇਂ ਦੀ ਹਕੂਮਤ ਅਗੇ ਉੱਕਾ ਝੁਕੇ ਨਹੀਂ। ਦੋ ਵਾਰ ਪਤਰ ਰਾਹੀਂ ਬਾਦਸ਼ਾਹ ਨੇ ਸੱਦਾ ਦਿਤਾ, ਪਰ ਉਸ ਦੇ ਬੁਲਾਵੇ ਨੂੰ ਠੁਕਰਾ ਦਿਤਾ ਤੇ ਉਸ ਪਾਸ ਜਾਣ ਤੋਂ ਇਨਕਾਰ ਕੀਤਾ। ਗਏ ਨਹੀਂ। ਆਪਣੀ ਅਣਖ ਤੇ ਖ਼ੁਦਦਾਰੀ ਨੂੰ ਪੂਰਾ ਨਿਭਾਇਆ। ਆਪਣੇ ਵਿਚਾਰ ਬੜੀ ਦਲੇਰੀ ਤੇ ਜੁਰੱਤ ਨਾਲ, ਕਿਸੇ ਦੇ ਲਿਹਾਜ਼ ਬਿਨਾਂ ਹੀ ਪਰਗਟ ਕਰਦੇ ਸਨ। ਉਨ੍ਹਾਂ ਕਦੇ ਕੋਈ ਝਿਜਕ ਮਹਿਸੂਸ ਨਹੀਂ ਸੀ ਕੀਤੀ। ਔਰੰਗਜ਼ੇਬ ਦੇ ਦੋ ਪਤਰਾਂ ਦਾ ਉਤਰ ਫ਼ਾਰਸੀ ਵਿਚ ਬੜੀ ਜੋਸ਼ੀਲੀ ਕਵਿਤਾ ਵਿਚ ਦਿਤਾ ਤੇ ਸਾਫ਼ ਖੁਲ੍ਹੇ ਸ਼ਬਦਾਂ ਵਿਚ ਉਸ ਦੇ ਜ਼ਬਰ ਜ਼ੁਲਮ ਤੇ ਪਾਪਾਂ ਕੁਕਰਮਾਂ ਨੂੰ ਨੰਗਿਆਂ ਕੀਤਾ। ਉਸ ਨੂੰ ਚਿਤਾਵਨੀ ਦਿਤੀ ਕਿ ਕਿਆਮਤ ਦੇ ਦਿਨ ਉਸ ਨੂੰ ਵੀ ਆਪਣੀਆਂ ਕਾਲੀਆਂ ਕਰਤੂਤਾਂ ਦਾ ਖ਼ੁਦੱ ਦੀ ਦਰਗਾਹ ਵਿਚ ਹਿਸਾਬ ਦੇਣਾ ਪਵੇਗਾ ਤੇ ਉਸ ਦੀ ਦਰਗਾਹ ਵਿਚ ਖ਼ੁਦੱ ਅਗੇ ਉਸ ਦੀ ਕੋਈ ਚਲਾਕੀ ਤੇ ਮੱਕਾਰੀ ਨਹੀਂ ਚਲੇਗੀ। ਉਸ ਵੇਲੇ ਉਹ ਕਿਹੜੀ ਸਫ਼ਾਈ ਪੇਸ਼ ਕਰੇਗਾ? ਉਸ ਨੂੰ ਚੰਗੀ ਤਰ੍ਹਾਂ ਸਪੱਸ਼ਟ ਕਰ ਦਿਤਾ ਕਿ ਖਾਲਸਾ, ਜੋ ਪੈਦਾ ਹੋ ਚੁਕਾ ਹੈ, ਉਹ ਉਸ ਨਾਲ ਲੇਖਾ ਡਿਉਢਾ ਕਰ ਕੇ ਹੀ ਦਮ ਲਵੇਗਾ, ਉਸ ਨੂੰ ਛਡੇਗਾ ਨਹੀਂ।

ਇਹ ਉਨ੍ਹਾਂ ਦੀ ਦੀਰਘ ਸੋਚ ਵਿਚਾਰ ਤੇ ਚਿੰਤਨ ਦਾ ਹੀ ਚਮਤਕਾਰ ਸੀ ਕਿ ਖਾਲਸਾ ਧਰਮ ਦੀ ਪੱਕੇ ਪੈਰਾਂ ਤੇ ਦ੍ਰਿੜ੍ਹ ਅਸੂਲਾਂ ਤੇ ਐਸੀ ਬੁਨਿਆਦ ਰਖੀ ਕਿ ਉਹ ਤਲਵਾਰਾਂ ਦੀ ਛਾਂ ਹੇਠਾਂ,ਤੋਪਾਂ ਦੀ ਭਾਰੀ ਮਾਰ ਅਗੇ ਤੇ ਇਸਲਾਮੀ ਰਾਜ ਦੇ ਠਾਠਾਂ ਮਾਰਦੇ ਜੋਸ਼, ਜ਼ੁਲਮ,ਜਬਰ ਅਗੇ ਅਸਹਿ ਤੇ ਅਕਹਿ ਕਸ਼ਟਾਂ ਵਿਚ ਵੀ ਛਾਂਗੇ ਹੋਏ ਬ੍ਰਿਛ ਵਾਂਗ ਵਧਦਾ ਹੀ ਗਿਆ। ਹਰ ਪ੍ਰਾਣੀ, ਜਿਸ ਨੇ ਪਾਹੁਲ ਹਾਸਲ ਕੀਤੀ, ਉਸ ਵਿਚ ਆਪਣੇ ਤੇਜ ਪਰਤਾਪ ਨਾਲ ਅਜਿਹੇ ਗੁਣ ਭਰੇ ਤੇ ਉਸ ਦੀ ਐਸੀ ਕਾਇਆਂ ਕਲਪ ਕਰਕੇ ਨਵੀਨ ਸ਼ਖਸੀਅਤ ਪੈਦਾ ਕਰ ਦਿਤੀ ਕਿ ਉਹ ਮੌਤ ਨਾਲ ਮਖ਼ੌਲਾਂ ਕਰਨ ਲਗਾ ਤੇ ਸਿਰ ਤਲੀ ਤੇ ਧਰ ਕੇ ਰਣ-ਭੂਮੀ ਵਿਚ ਭੰਗੜਾ ਪਾਉਣ ਲਗਾ। ਜਿਥੇ ਗੁਰੂ ਜੀ ਦਾ ਪਸੀਨਾ ਡੁਲ੍ਹਦਾ ਉਥੇ ਸਿੰਘ ਲਹੂ ਡੋਲ੍ਹਦੇ। ਸਿੰਘਾਂ ਵਿਚ ਹਿੰਮਤ ਤੇ ਹੌਸਲੇ ਦੀ ਅਜਿਹੀ ਫੂਕ ਮਾਰੀ, ਅਜਿਹੀ ਜੀਵਨ ਜੋਤੀ ਜਗਾਈ ਕਿ ਇਕ ਇਕ ਸਿੱਖ, ਹਜ਼ਾਰਾਂ ਦਾ ਟਾਕਰਾ ਕਰਨ ਲਗ ਪਿਆ। ਅਜਿਹੇ ਕੌਮੀ ਪਰਵਾਨੇ ਪੈਦਾ ਕੀਤੇ ਕਿ ਉਨ੍ਹਾਂ ਨੂੰ ਆਪਣੇ ਜੀਵਨ ਦੇ ਸੁਖ, ਆਪਣੇ ਪਰਵਾਰਾਂ ਦਾ ਮੋਹ ਪਿਆਰ ਵੀ ਕੁਰਬਾਨੀ ਦੇ ਰਾਹ ਚੋਂ ਰੋਕ ਨਾ ਸਕੇ। ਨਾ ਹੀ ਕੋਈ ਹੋਰ ਦੁਨੀਆਵੀ ਸੁਖ ਜਾਂ ਚਿੰਤਾ ਉਨ੍ਹਾਂ ਦੇ ਇਰਾਦਿਆਂ ਅਗੇ ਖੜੋ ਸਕੀ। ਗੁਰੂ ਜੀ ਨੇ ਫ਼ੌਲਾਦੀ ਪਾਹ ਦੇ ਕੇ, ਸਰਬਲੋਹ ਦੀ ਪਾਹੁਲ ਪਿਲਾ ਕੇ, ਫ਼ੌਲਾਦੀ ਇਨਸਾਨ ਪੈਦਾ ਕੀਤੇ, ਜੋ ਹਰ ਮੁਸੀਬਤ ਤੇ ਹਰ ਤਕਲੀਫ਼ ਨੂੰ ਇਸ ਫ਼ੌਲਾਦੀ ਸ਼ਕਤੀ ਨਾਲ ਖਿੜੇ ਮੱਥੇ ਪ੍ਰਵਾਨ ਕਰਨ ਲਗੇ। ਉਨ੍ਹਾਂ ਸਿੰਘਾਂ ਨੂੰ ਆਪਣੀ ਹੋਂਦ ਤੇ ਮਿਸ਼ਨ ਦਾ ਅਜਿਹਾ ਪਾਠ ਪੜ੍ਹਾਇਆ ਤੇ ਅਜਿਹਾ ਮੰਤਰ ਦ੍ਰਿੜ੍ਹ ਕਰਾਇਆ ਕਿ ਉਹ ਕੌਮੀ ਕਰਤੱਵ ਦਾ ਅਜਪਾ ਜਾਪ ਹੀ ਕਰਨ ਲਗ ਪਏ। ਉਨ੍ਹਾਂ ਨੂੰ ਜ਼ਿੱਲਤ ਦੀ ਖਡ ਵਿਚੋਂ ਕਢ ਕੇ ਉੱਚਾ ਮਰਤਬਾ ਦਿਤਾ। ਗੁਰੂ ਜੀ ਦੇ ਤਪ ਤੇਜ ਦੇ ਸੂਰਜ ਅਗੇ ਬ੍ਰਾਹਮਣਾਂ ਤੇ ਪੰਡਤਾਂ ਦੇ ਮੰਡਲਾਉਂਦੇ ਬਦਲ ਕਾਫ਼ੂਰ ਹੋ ਗਏ। ਬ੍ਰਾਹਮਣਾਂ ਤੇ ਪੰਡਤਾਂ ਪਾਸੋਂ ਕੁਝ ਨਾ ਸਰਿਆ ਤੇ ਉਹ ਚੂੰ-ਚਰਾਂ ਵੀ ਨਾ ਕਰ ਸਕੇ। ਸਭ ਕੁਝ ਕਿਸੇ ਕਾਹਲੀ ਦਾ ਸਿੱਟਾ ਨਹੀਂ, ਸਗੋਂ ਇਸ ਦੀ ਨੀਂਹ ਦੀਰਘ ਸੋਚ ਵਿਚਾਰ ਤੇ ਡੂੰਘੇ ਚਿੰਤਨ ਤੇ ਰਖੀ ਗਈ।


www.AKJ.Org

ਗੁਰੂ ਜੀ ਹਰ ਕੰਮ ਨੂੰ ਪਾਰਦਰਸ਼ਕ ਦ੍ਰਿਸ਼ਟੀ ਤੋਂ ਪਰਖ ਕੇ ਕਰਦੇ ਸਨ। ਆਉਣ ਵਾਲੇ ਸਮੇਂ ਦਾ ਪਹਿਲਾਂ ਹੀ ਮਾਪ ਤੋਲ ਕਰ ਲੈਂਦੇ ਸਨ। ਇਹੋ ਹੀ ਕਾਰਨ ਸੀ ਕਿ ਦੂਰ-ਅੰਦੇਸ਼ੀ ਨਾਲ ਖਾਲਸਾ ਧਰਮ ਵਿਚ ਅਜਿਹੀਆਂ ਊਣਤਾਈਆਂ ਸ਼ਾਮਲ ਨਾ ਹੋਣ ਦਿਤੀਆਂ ਜਿਨ੍ਹਾਂ ਕਾਰਨ ਖਾਲਸਾ ਢਹਿੰਦੀ ਕਲਾ ਵਿਚ ਜਾਵੇ, ਜ਼ਲੀਲ ਤੇ ਖੁਆਰ ਹੋਵੇ ਜਾਂ ਆਪਣੇ ਉਚੇ ਆਦਰਸ਼ ਤੋਂ ਡਿਗ ਕੇ ਆਪਣੀ ਬਹਾਦਰੀ ਨੂੰ ਦਾਗ ਲਾਵੇ। ਇਹ ਹੀ ਵਡਾ ਕਾਰਨ ਹੈ ਕਿ ਸਮੇਂ ਦੇ ਗੇੜ ਦੇ ਬਾਵਜੂਦ ਵੀ ਖਾਲਸੇ ਵਿਚ ਅਜੇ ਵੀ ਜੋਸ਼ ਤੇ ਜਾਨ ਬਾਕੀ ਹੈ। ਗੁਰੂ ਜੀ ਨੇ ਦੂਰ-ਅੰਦੇਸ਼ੀ ਨਾਲ ਇਹ ਅਨੁਭਵ ਕਰ ਲਿਆ ਸੀ ਕਿ ਉਨ੍ਹਾਂ ਦਾ ਉਦੇਸ਼ ਫਲ ਲਿਆਵੇਗਾ। ਉਹ ਕਦੇ ਨਿਰਾਸ ਨਹੀਂ ਹੋਏ ਤੇ ਆਖ਼ਰੀ ਦਮ ਤਕ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਹੋਏ ਜੋਤੀ ਜੋਤਿ ਸਮਾਏ। ਅਕਾਲ ਪੁਰਖ ਨੇ ਗੁਰੂ ਜੀ ਨੂੰ ਜਿਸ ਮਿਸ਼ਨ ਤੇ ਉਦੇਸ਼ ਦੀ ਪੂਰਤੀ ਲਈ ਇਸ ਸੰਸਾਰ ਵਿਚ ਭੇਜਿਆ ਸੀ, ਉਸ ਦੀ ਸਫਲਤਾ ਲਈ ਆਪਣੇ ਅਮੁਕ ਤੇ ਅਤੁਟ ਗੁਣਾਂ—ਤੀਖਣ ਬੁੱਧੀ, ਸੋਚ, ਚਿੰਤਨ, ਬੀਰਤਾ ਅਤੇ ਮਨੁਖ ਮਾਤਰ ਲਈ ਪ੍ਰੇਮ ਆਦਿ ਨੂੰ ਵਰਤਦੇ ਹੋਏ ਉਨ੍ਹਾਂ ਸਭ ਕੁਝ ਵਾਰ ਦਿਤਾ।

ਗੁਰੂ ਜੀ ਜ਼ਾਲਮ ਤੇ ਜਾਬਰ ਮੁਸਲਮਾਨ ਹਕੂਮਤ ਦੇ ਵਿਰੁਧ ਕਰਾਂਤੀ ਕਰਦੇ ਹੋਏ ਵੀ ਕਈ ਮੁਸਲਮਾਨਾਂ ਵਿਚ ਹਰਮਨ ਪਿਆਰੇ ਸਨ। ਕਾਫ਼ੀ ਗਿਣਤੀ ਵਿਚ ਮੁਸਲਮਾਨਾਂ ਨੇ ਉਨ੍ਹਾਂ ਨੂੰ ਸਿਰ ਅੱਖੀਆਂ ਤੇ ਬਿਠਾਇਆ ਤੇ ਉਨ੍ਹਾਂ ਦੀ ਖ਼ਤਰੇ ਵੇਲੇ ਮਦਦ ਕੀਤੀ।

ਗੁਰੂ ਜੀ ਮਨੁੱਖਤਾ ਦੀਆਂ ਵੰਡੀਆਂ ਤੋਂ ਬਹੁਤ ਉਚੇ ਸਨ। ਉਹ ਹਰ ਇਕ ਪ੍ਰਾਣੀ ਨਾਲ ਕਿਸੇ ਤਰ੍ਹਾਂ ਦੇ ਵਿਤਕਰੇ ਤੋਂ ਬਿਨਾਂ ਪ੍ਰੇਮ ਤੇ ਮੁਹੱਬਤ, ਦਇਆ ਤੇ ਉਦਾਰਤਾ ਵਾਲਾ ਵਰਤਾਂ ਕਰਦੇ ਸਨ। ਇਤਨੇ ਨਿਘ ਸੁਭਾ ਵਾਲੇ ਸਨ ਕਿ ਦੁਸ਼ਮਨ ਵੀ ਉਹਨਾਂ ਨਾਲ ਪਿਆਰ ਦੀ ਭਾਵਨਾ ਨੂੰ ਦਿਲ ਵਿਚੋਂ ਕਢ ਨਹੀਂ ਸਕੇ।

ਗੁਰੂ ਜੀ ਦੇ ਸੁਭਾਉ ਵਿਚ ਕੁਝ ਹਾਸ ਰਸ ਤੇ ਵਿਅੰਗ ਵੀ ਸੀ। ਇਕ ਵਾਰ ਇਕ ਸਿੰਘ ਨੇ ਸ਼ੇਰ ਦਾ ਸ਼ਿਕਾਰ ਕਰ ਕੇ ਉਸ ਦੀ ਪੂਰੀ ਖਲ ਸਿਰ ਸਮੇਤ ਗੁਰੂ ਜੀ ਦੇ ਭੇਂਟ ਕੀਤੀ। ਗੁਰੂ ਜੀ ਨੇ ਉਸ ਖਲ ਨੂੰ ਖੋਤੇ ਉਤੇ ਚੜ੍ਹਾ ਕੇ ਉਸ ਨੂੰ ਪਿੰਡ ਦੀ ਵਸੋਂ ਲਾਗੇ ਛਡ ਦਿਤਾ। ਲੋਕੀ ਉਸ ਨੂੰ ਵੇਖ ਕੇ ਘਾਬਰ ਗਏ। ਕੋਈ ਕੋਠੇ ਚੜ੍ਹ ਗਿਆ ਤੇ ਕੋਈ ਲੁਕ ਗਿਆ ਅਤੇ ਕਿਸੇ ਘਰ ਦਾ ਬੂਹਾ ਬੰਦ ਕਰ ਲਿਆ। ਪਿੰਡ ਵਿਚ ਰੌਲਾ ਪੈ ਗਿਆ ਤੇ ਲੋਕਾਂ ਦੇ ਸਾਹ ਸੁਕ ਗਏ। ਜਦੋਂ ਖੋਤੇ ਨੇ ਹੀਂਗਣਾ ਸ਼ੁਰੂ ਕੀਤਾ ਤਾਂ ਸਭ ਦੇ ਦਿਲਾਂ ਵਿਚੋਂ ਸਹਿਮ ਭਜ ਗਏ। ਜਿਨ੍ਹਾਂ ਦੇ ਚੇਹਰਿਆਂ ਦਾ ਰੰਗ ਉਡ ਗਿਆ ਸੀ, ਹਸਣ ਲਗ ਪਏ। ਇਹ ਦਿਲ-ਲਗੀ ਤੇ ਠੱਠਾ ਆਪਣੀ ਤਰ੍ਹਾਂ ਦਾ ਸੀ ਤੇ ਹੈਸੀ ਮਤਲਬ ਭਰਪੂਰ। ਸਿੰਘਾਂ ਨੂੰ ਇਸ ਰਾਹੀਂ ਇਹ ਸਬਕ ਦੇਣਾ ਸੀ ਕਿ ਜੇ ਸ਼ੇਰਾਂ ਵਾਲਾ ਬਾਣਾ ਪਾਇਆ ਜੇ ਤਾਂ ਅੰਦਰੋਂ ਵੀ ਸ਼ੇਰ ਹੀ ਰਹਿਣਾ। ਜੇ ਅੰਦਰੋਂ ਸ਼ੇਰ ਨਾ ਰਹੇ ਤੇ ਅਸਲੀਅਤ ਪਰਗਟ ਹੋ ਗਈ ਤਾਂ ਲੋਕੀ ਤੁਹਾਥੋਂ ਡਰਨਗੇ ਨਹੀਂ, ਸਗੋਂ ਤੁਹਾਡੇ ਤੇ ਹਸਣਗੇ।

ਗੁਰੂ ਜੀ ਬਹੁਤ ਪ੍ਰਸਿਧ ਵਿਦਵਾਨ ਤੇ ਵਿਦਵਾਨਾਂ ਦੇ ਕਦਰਦਾਨ ਵੀ ਸਨ। ਗੁਰੂ ਜੀ ਨੂੰ ਵਿਦਿਆ ਤੇ ਸਾਹਿੱਤ ਨਾਲ ਅਤਿ ਪ੍ਰੇਮ ਸੀ ਅਤੇ ਉਹਨਾਂ ਦਾ ਇਸ ਦੇ ਅਧਿਐਨ ਵਲ ਕਾਫ਼ੀ ਸ਼ੌਕ ਸੀ। ਇਸ ਪਾਸੇ ਉਨ੍ਹਾਂ ਕਾਫ਼ੀ ਸਮਾਂ, ਰੁਚੀ, ਪ੍ਰੀਸ਼ਰਮ ਤੇ ਧਨ ਖ਼ਰਚ ਕੀਤਾ। ਭਾਰਤ ਵਰਸ਼ ਦੇ ਯੋਧਿਆਂ ਵੀਰ ਬਹਾਦਰਾਂ ਦੇ ਜੀਵਨ ਚਰਿਤਰ, ਕਾਰਨਾਮੇ ਤੇ ਯੁਧ-ਵਾਰਤਾਂ ਦੇ ਪੜ੍ਹਨ ਸੁਣਨ ਦੀ ਗੁਰੂ ਜੀ ਨੂੰ ਬਹੁਤ ਲਗਨ ਸੀ। ਕਵਿਤਾ ਤੇ ਕਵੀਆਂ ਦਾ, ਗੁਰੂ ਜੀ ਬਹੁਤ ਸਨਮਾਨ ਕਰਦੇ ਸਨ। ਬਹੁਤ ਸਾਰੇ ਕਵੀ ਆਪਣੇ ਦਰਬਾਰ ਵਿਚ ਮੁਲਾਜ਼ਮ ਰਖੇ ਹੋਏ ਸਨ। ਬੀਰ-ਰਸੀ ਕਵਿਤਾ ਬਹੁਤ ਪਸੰਦ ਕਰਦੇ ਸਨ। ਫ਼ਾਰਸੀ ਤੇ ਅਰਬੀ ਬੋਲੀ ਦੇ ਚੰਗੇ ਮਾਹਿਰ ਸਨ। ਸੰਸਕ੍ਰਿਤ ਨੂੰ ਕਾਫ਼ੀ ਸਮਝਦੇ ਤੇ ਜਾਣਦੇ ਸਨ। ਪੁਰਾਣੀਆਂ ਪੁਸਤਕਾਂ ਤੇ ਮਜ਼ਬੀ ਗ੍ਰੰਥਾਂ ਛੇ ਸ਼ਾਸਤਰਾਂ, ਉਪ-ਨਿਸ਼ਦਾਂ ਤੇ ਪੁਰਾਣਾਂ ਤੋਂ ਭਲੀ ਪਰਕਾਰ ਜਾਣੂ ਸਨ। (ਬਾਕੀ ਦੇਖੋ ਸਫ ੪੦ ਦੇ ਹੇਠ)



www.AKJ.Org

# ਪੰਥਕ ਸਮਾਚਾਰ

## ਗੁਰਦੁਆਰੇ ਦਾ ਅਪਮਾਨ–

ਮੇਰਠ ਵਿਚ ਕੁਝ ਸ਼ਰਾਰਤੀ ਅਨਸਰ ਵਲੋਂ ਗੁਰਦਵਾਰਾ ਬਾਬਾ ਸ੍ਰੀ ਚੰਦ ਜੀ ਰਜਮੈਂਟ ਬਜ਼ਾਰ ਵਿਚ ਸ਼ਰਾਰਤਨ ਹੁਲੜਬਾਜ਼ੀ ਕੀਤੀ ਗਈ। ਨਿਸ਼ਾਨ ਸਾਹਿਬ ਵੀ ਸਾੜਿਆ ਗਿਆ। ਗੁਰਦੁਆਰੇ ਦਾ ਅਪਮਾਨ ਕੀਤਾ ਗਿਆ। ਪੁਲਸ ਮੌਕੇ ਤੇ ਪੁਜੀ ਅਤੇ ਇਸ ਮਾਮਲੇ ਵਿਚ ਨਿਆਇ-ਸ਼ੀਲ ਵਤੀਰਾ ਅਪਣਾ ਕੇ ਦੋਸ਼ੀਆਂ ਨੂੰ ਪਕੜਨ ਤੇ ਸਜ਼ਾ ਦੇਣ ਦੀ ਬਜਾਇ ਪਖ-ਪਾਤੀ ਅਤੇ ਗ਼ੈਰ-ਜ਼ਿਮੇਵਾਰ ਵਤੀਰਾ ਅਪਣਾਇਆ। ਪੁਲਸ ਜੁੱਤੀਆਂ ਸਣੇ ਗੁਰਦੁਆਰਾ ਸਾਹਿਬ ਦੇ ਪ੍ਰਕਾਸ਼-ਅਸਥਾਨ ਤਕ ਗਈ ਤੇ ਚਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਨੂੰ ਭੰਗ ਕੀਤਾ। ਦੋਸ਼ੀਆਂ ਨੂੰ ਫੜਨ ਦੀ ਥਾਂ ਉਲਟਾ ਸ਼ਾਂਤਮਈ ਸਿੰਘਾਂ ਨੂੰ ਫੜ ਲਿਆ ਅਤੇ ਗੁਰਦੁਆਰਾ ਸਾਹਿਬ ਨੂੰ ਸੀਲ-ਮੋਹਰ ਕਰ ਦਿਤਾ।

"ਸਤਿਗੁਰੂ" ਸਿਖ ਨੂੰ ਜਾਨ ਨਾਲੋਂ ਪਿਆਰਾ ਹੈ ਅਤੇ ਗੁਰ-ਅਸਥਾਨ ਭਾਵ ਗੁਰਦੁਆਰੇ ਸਿਖੀ ਦੇ ਕੇਂਦਰ ਹਨ। ਇਤਿਹਾਸ ਗਵਾਹ ਹੈ ਕਿ ਸਿਖ ਕੌਮ ਨੇ ਗੁਰ-ਅਸਥਾਨਾਂ ਦੀ ਪਵਿਤਰਤਾ ਤੇ ਕੌਮੀ ਅਣਖ ਲਈ ਕਈ ਵਾਰੀ ਕੁਰਬਾਨੀਆਂ ਦਿਤੀਆਂ ਹਨ। ਇਸ ਦੁਖਦਾਈ ਘਟਨਾ ਦੇ ਸੰਬੰਧ ਵਿਚ ਵੀ ਸਿਖ ਕੌਮ ਵਿਚ ਅਥਾਹ ਰੋਸ ਅਤੇ ਜੋਸ਼ ਹੈ। ਪਰ ਅਫਸੋਸ ਦੀ ਗੱਲ ਹੈ ਕਿ ਸਾਡੀਆਂ ਪਰਮੁਖ ਧਾਰਮਿਕ ਸੰਸਥਾਵਾਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਮਾਮਲੇ ਵਿਚ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਲਈ। ਉਨ੍ਹਾਂ ਨੂੰ ਪਰਸਪਰ ਝਗੜਿਆਂ ਅਤੇ ਪਾਰਟੀ-ਪਾਲੇਟਿਕਸ ਵਿਚੋਂ ਵਿਹਲ ਹੀ ਨਹੀਂ ਕਿ ਉਹ ਧਰਮ ਬਾਰੇ ਕੁਝ ਸੋਚ ਸਕਣ। ਸਿਖ ਲੀਡਰ-ਸ਼ਿਪ ਦੀ ਧਰਮ ਵਲੋਂ ਅਣਗਹਿਲੀ ਤੇ ਅਵੇਸਲੇ-ਪਣ ਉਤੇ ਸਿਖ ਕੌਮ ਨੂੰ ਗਹਿਰਾ ਦੁਖ ਹੈ।

ਸਿਖ ਕੌਮ ਸਰਦਾਰਨੀ ਰਾਜਿੰਦਰ ਕੌਰ ਪ੍ਰਧਾਨ ਇਸਤ੍ਰੀ ਅਕਾਲੀ ਦਲ ਦੀ ਰਿਣੀ ਹੈ ਜਿਸ ਨੇ ਇਸ ਮਸਲੇ ਵਿਚ ਅਗਵਾਈ ਕੀਤੀ ਅਤੇ ਯੂ. ਪੀ. ਸਰਕਾਰ ਦੇ ਅਨਿਆਂ ਭਰੇ ਤੇ ਫਿਰਕੂ ਕਰਤੱਵ ਵਿਰੁਧ ਮੋਰਚਾ ਲਾਇਆ। ਵਖ ਵਖ ਥਾਵਾਂ ਤੋਂ ਬੀਬੀਆਂ ਤੇ ਸਿੰਘਾਂ ਦੇ ਜਥੇ ਇਸ ਮੋਰਚੇ ਵਿਚ ਹਿਸਾ ਲੈਣ ਲਈ ਨਿਤਰ ਰਹੇ ਹਨ। ਸਤਿਗੁਰੂ ਮੇਹਰ ਕਰ ਕੇ ਇਸ ਮੋਰਚੇ ਦੀ ਫਤਹ ਬਖਸ਼ਣ ਅਤੇ ਪੰਥ ਦੀ ਚੜ੍ਹਦੀ ਕਲਾ ਹੋਵੇ।

## ਨਿਰੰਕਾਰੀ ਮਸਲਾ–

ਸ੍ਰੀ ਅੰਮ੍ਰਿਤਸਰ, ਕਾਨਪੁਰ ਅਤੇ ਦਿਲੀ ਦੇ ਸ਼ਹੀਦ ਸਿੰਘਾਂ ਨੇ ਨਿਰੰਕਾਰੀਆਂ ਵਲੋਂ ਗੁਰਮਤਿ ਵਿਰੁਧ ਕੀਤੇ ਜਾ ਰਹੇ ਬੇਤਹਾਸ਼ਾ ਪ੍ਰਾਪੇਗੰਡੇ ਬਾਰੇ ਸਾਵਧਾਨ ਕੀਤਾ। ਕੁਝ ਸਮਾਂ ਕੌਮ ਵਿਚ ਜਾਗ੍ਰਤੀ ਰਹੀ ਅਤੇ ਅਖ਼ਬਾਰੀ ਪੱਧਰ ਤੇ ਇਸ ਮਾਰੂ ਲਹਿਰ ਵਿਰੁਧ ਕੁਝ ਵਾਵੇਲਾ ਹੋਇਆ। ਪਰ ਸਮੁਚੀ ਕੌਮ ਦੀ ਧਰਮ ਵਲੋਂ ਬੇਰੁਖੀ ਕਾਰਨ ਅਤੇ ਸਿਖ-ਲੀਡਰਸ਼ਿਪ ਦੇ ਪਾਵਰ-ਪਾਲੇਟਿਕਸ ਵਿਚ ਗਲਤਾਨ ਹੋਣ ਕਾਰਨ ਇਹ ਰੋਹ-ਜਜ਼ਬਾ ਮੱਠਾ ਪੈ ਗਿਆ ਹੈ।

ਨਕਲੀ ਨਿਰੰਕਾਰੀਆਂ ਦੇ ਆਗੂ ਅਤੇ ਸ੍ਰੀ ਅੰਮ੍ਰਿਤਸਰ ਕਾਂਡ ਦੇ ਫੌਜਦਾਰੀ ਕੇਸ ਦੇ ਦੋਸ਼ੀ ਗੁਰਬਚਨ ਸਿੰਘ ਅਤੇ ਉਸ ਦੇ ੬੦ ਚੇਲਿਆਂ ਵਿਰੁਧ ਕਰਨਾਲ ਦੀ ਅਦਾਲਤ ਵਿਚ ਕੇਸ ਚਲ ਰਿਹਾ ਹੈ, ਪਰ ਇਹ ਫੌਜਦਾਰੀ ਕੇਸ ਦਾ ਦੋਸ਼ੀ ਥਾਉਂ ਥਾਈਂ ਫਿਰ ਕੇ ਫਿਜ਼ਾ ਨੂੰ ਖ਼ਰਾਬ ਕਰ ਰਿਹਾ ਹੈ। ਸ਼ੁਰੂ ਸ਼ੁਰੂ ਵਿਚ ਜਦੋਂ ਪੰਥਕ ਲੀਡਰਸ਼ਿਪ ਨੇ ਇਸ ਕੇਸ ਵਿਚ ਦਿਲ-ਚਸਪੀ ਲਈ ਤਾਂ ਕੁਝ ਦੇਰ ਉਹ ਕੇਂਦਰੀ ਲੀਡਰਾਂ ਨੂੰ ਮਨਾਉਣ ਵਿਚ ਸਫਲ ਹੋ ਗਏ ਕਿ ਜਿੰਨੀ ਦੇਰ ਤਕ ਕੇਸ ਅਦਾਲਤ ਵਿਚ ਚਲ ਰਿਹਾ ਹੈ ਉਨੀ ਦੇਰ ਤਕ ਗੁਰਬਚਨ ਸਿੰਘ ਦਿਲੀਓਂ ਬਾਹਰ ਜਲਸੇ



www.AKJ.Org

ਕਰਨ ਨਹੀਂ ਜਾਏਗਾ। । ਮਗਰੋਂ ਸਾਡੇ ਆਗੂ ਢਿਲੇ ਪੈ ਗਏ, ਜਿਸ ਦੇ ਫਲ-ਸਰੂਪ ਗੁਰਬਚਨ ਸਿੰਘ ਫਿਰ ਉਸੇ ਤਰ੍ਹਾਂ ਸ਼ੁਤਰ ਬੇਮੁਹਾਰ ਵਾਂਗੂ ਬਾਹਰ ਫਿਰ ਕੇ ਆਪਣੇ ਗੁਰਮਤਿ-ਵਿਰੋਧੀ ਪਰਚਾਰ ਰਾਹੀਂ ਸਿਖ ਸੰਗਤਾਂ ਦੇ ਜਜ਼ਬਾਤ ਨੂੰ ਸੱਟ ਮਾਰ ਰਿਹਾ ਹੈ। ਕੇਂਦਰ ਦੀ ਮਦਦ ਨਾਲ ਉਸ ਨੇ ਦਿਲੀ ਵਿਚ ਆਪਣਾ ਵਾਰਸ਼ਕ ਸਮਾਗਮ, ਆਪਣੇ ਕੇਂਦਰੀ ਅਸਥਾਨ ਤੋਂ ਬਾਹਰ ਖੁਲ੍ਹੇ ਮੈਦਾਨ ਵਿਚ ਕੀਤਾ ਅਤੇ ਉਸ ਸਮਾਗਮ ਦੇ ਪ੍ਰੋਗਰਾਮ ਦੀਆਂ ਫ਼ਿਲਮਾਂ ਬੰਬੇ ਵਿਚ ਦਿਖਾਈਆਂ ਜਾ ਰਹੀਆਂ ਹਨ।

ਸਮੁਚੀ ਸਿਖ ਕੌਮ ਅਤੇ ਖ਼ਾਸ ਕਰਕੇ ਸਿਖ-ਲੀਡਰਸ਼ਿਪ ਨੂੰ ਇਸ ਬਾਰੇ ਚੇਤੰਨ ਰਹਿਣ ਅਤੇ ਦਿਲੋਂ ਮਨੋਂ ਦਿਲਚਸਪੀ ਲੈਣ ਦੀ ਲੋੜ ਹੈ। ਨਹੀਂ ਤੇ ਇਸ ਅਣਗਹਿਲੀ ਅਤੇ ਅਵੇਸਲੇਪਣ ਉਤੇ ਪਛਤਾਣਾ ਪਵੇਗਾ।

## ਸ੍ਰੀ ਅਕਾਲ ਤਖ਼ਤ ਸੁਪਰੀਮ–

ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਦੀ ਸੂਝ ਸਿਆਣਪ ਸਦਕਾ ਪੰਥ ਵਿਚ ਫੁਟ ਦਾ ਆਇਆ ਹੜ ਸ਼ਾਂਤ ਹੋ ਗਿਆ ਹੈ। ਧਾਰਮਕ ਪਰੰਪਰਾਵਾਂ ਅਤੇ ਸ੍ਰੀ ਅਕਾਲ ਤਖਤ ਦੀ ਵਿਰੋਧਤਾ ਕਰਨ ਵਾਲੇ ਲੀਡਰਾਂ ਨੂੰ ਤਖਤ ਸਾਹਿਬ ਤੋਂ ਤਨਖਾਹਵਾਂ ਲਾ ਕੇ ਬਖਸ਼ਿਆ ਗਿਆ ਹੈ। ਇਸ ਇਤਿਹਾਸਕ ਘਟਨਾ ਦੁਆਰਾ ਇਤਿਹਾਸ ਦੁਹਰਾਇਆ ਗਿਆ ਹੈ ਤੇ ਇਸ ਗੱਲ ਦੀ ਸ਼ਾਖ਼ ਬਝੀ ਹੈ ਕਿ ਗੁਰਮਤਿ ਅਨੁਸਾਰ ਪੰਥਕ ਮਾਮਲਿਆਂ ਵਿਚ ਸੇਧ ਦੇਣ ਲਈ ਸ੍ਰੀ ਅਕਾਲ ਤਖ਼ਤ ਸੁਪਰੀਮ ਹੈ।

ਸਿਖ-ਲੀਡਰਸ਼ਿਪ ਨੂੰ ਸਾਡੀ ਅਪੀਲ ਹੈ ਕਿ ਉਹ ਆਪਣੇ ਮਤਭੇਦ ਮਿਟਾ ਕੇ ਤੇ ਨਿਜੀ ਤਾਕਤ ਦੀ ਲੜਾਈ ਨੂੰ ਸਮਾਪਤ ਕਰ ਕੇ ਆਪਣਾ ਸਾਰਾ ਤਾਣ ਪੰਥ ਦੀ ਚੜ੍ਹਦੀ ਕਲਾ ਲਈ ਲਾਉਣ।

---

## ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ

[ਸਫਾ ੩੯ ਦੀ ਬਾਕੀ]

ਗੁਰੂ ਜੀ ਸੱਚ ਦੇ ਮੁਤਲਾਸ਼ੀ, ਸੱਚ ਦੇ ਪ੍ਰੇਮੀ, ਸੱਚ ਦੇ ਧਾਰਨੀ, ਸੱਚ ਦੇ ਢੂੰਡਾਊ, ਸੱਚ ਦੇ ਖੋਜੀ, ਸੱਚ ਦੇ ਪਰਚਾਰਕ, ਸੱਚ ਦੇ ਪ੍ਰੇਰਕ, ਸੱਚ ਦੇ ਉਪਾਸ਼ਕ ਤੇ ਸੱਚ ਦੇ ਹੀ ਪੁਜਾਰੀ ਸਨ। ਆਪਣੇ ਸਾਰੇ ਜੀਵਨ ਵਿਚ ਆਪ ਨੇ ਆਪਣੇ ਉਪਦੇਸ਼ ਤੇ ਨਿਤ ਦੇ ਕਾਰਜਾਂ ਵਿਚ ਸੱਚ ਦਾ ਸਾਥ ਨਹੀਂ ਛਡਿਆ, ਭਾਵੇਂ ਰਣ-ਭੂਮੀ ਹੀ ਕਿਉਂ ਨਾ ਹੋਵੇ। ਉਥੇ ਵੀ ਕੋਈ ਕੰਮ, ਕੋਈ ਹਰਕਤ ਤੇ ਕੋਈ ਪੈਂਤੜਾ ਐਸਾ ਨਹੀਂ ਜੋ ਸੱਚ ਤੋਂ ਬਿਨਾਂ ਹੀ ਹੋਵੇ। ਨਾ ਹੀ ਰੋਜ਼ਾਨਾ ਜੀਵਨ ਵਿਚ ਹੀ ਸੱਚ ਨੂੰ ਤਿਆਗਿਆ।

ਗੁਰੂ ਜੀ ਦਾ ਜੀਵਨ ਬਹੁਤ ਹੀ ਸਰਲ ਤੇ ਸਾਦਾ ਸੀ। ਉਹ ਹਰ ਇਕ ਨੂੰ ਪ੍ਰੇਮ ਪਿਆਰ ਤੇ ਹਸਮੁਖ ਚਿਹਰੇ ਨਾਲ ਮਿਲਦੇ ਸਨ। ਸਾਰੀ ਮਾਨਵਤਾ ਨਾਲ ਹੀ ਪਿਆਰ ਕਰਦੇ ਸਨ। ਪਿਆਰ ਉਨ੍ਹਾਂ ਦਾ ਢੰਡੋਰਾ ਸੀ। ਪਿਆਰ ਨਾਲ ਉਨ੍ਹਾਂ ਦਾ ਇਸ਼ਕ ਸੀ। ਉਨ੍ਹਾਂ ਦੀ ਸਮੁੱਚੀ ਰਚਨਾ ਤੇ ਜੀਵਨ-ਉਦੇਸ਼ਾਂ ਦਾ ਪ੍ਰਮੁਖ ਤੱਤ "ਪ੍ਰੇਮ" ਸੀ, ਜਿਸ ਨੂੰ ਉਨ੍ਹਾਂ ਨੇ ਇਨ੍ਹਾਂ ਅਖਰਾਂ ਵਿਚ ਲਿਖਤੀ ਰੂਪ ਦੇ ਕੇ ਉੱਚੀ ਆਵਾਜ਼ ਵਿਚ ਆਖਿਆ:–

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਗੁਰੂ ਜੀ ਨੇ ਇਹੋ ਉਪਦੇਸ਼ ਦਿਤਾ ਤੇ ਸਾਰਾ ਜੀਵਨ ਇਸ ਨੂੰ ਕਮਾਇਆ ਤੇ ਪਰਚਾਰਿਆ। ਸਭ ਤੋਂ ਵੱਡੀ ਗੱਲ ਕਿ ਗੁਰੂ ਜੀ ਵਿਚ ਕਿਸੇ ਤਰ੍ਹਾਂ ਦੀ ਵੀ ਕੋਈ ਤਰੁਟੀ ਨਹੀਂ ਸੀ। ਨਾ ਤਾਰੀਫ਼ ਦੀ ਖ਼ਾਹਿਸ਼, ਨਾ ਕਿਸੇ ਅਪਮਾਨ ਦਾ ਸਹਿਮ। ਉਹ ਬੜੇ ਸ਼ੇਰ-ਦਿਲ ਤੇ ਖੁਲ੍ਹ-ਦਿਲੇ ਸਨ। ਪਹਾੜੀ ਰਾਜਿਆਂ ਨੇ ਹਮੇਸ਼ਾ ਤਕਲੀਫ ਦਿਤੀ ਤੇ ਹਮਲੇ ਕੀਤੇ, ਪਰ ਜਦ ਉਹਨਾਂ ਨੇ ਸਹਾਇਤਾ ਮੰਗੀ ਤਾਂ ਉਨ੍ਹਾਂ ਦੇ ਸਾਰੇ ਔਗੁਣ ਅਪਰਾਧ ਭੁਲਾ ਕੇ ਉਨ੍ਹਾਂ ਦੀ ਸਹਾਇਤਾ ਕੀਤੀ, ਫੌਜੀ ਮਦਦ ਦਿਤੀ ਤੇ ਉਹ ਵੀ ਸ਼ਾਹੀ ਫੌਜਾਂ ਵਿਰੁਧ। ਜਦੋਂ ਬਹਾਦਰ ਸ਼ਾਹ ਜਾਗੀਰ ਦੇਣ ਲਗਾ ਤਾਂ ਗੁਰੂ ਜੀ ਨੇ ਆਪਣੇ ਅਸੂਲਾਂ ਤੇ ਉਦੇਸ਼ਾਂ ਤੋਂ ਜਾਗੀਰ ਕੁਰਬਾਨ ਕਰ ਦਿਤੀ ਤੇ ਉਸ ਦੀ ਜਾਗੀਰ ਲੈਣ ਤੋਂ ਇਨਕਾਰ ਕਰ ਦਿਤਾ। ਉਹ ਮਜ਼ਲੂਮ ਹਿੰਦੂ ਜ਼ਾਤੀ ਦੇ ਸੱਚੇ ਦਰਦਮੰਦ ਤੇ ਸੁਭ-ਇਛਕ ਸਨ।



www.AKJ.Org

# ਤੁੱਠੇ ਕਲਗ਼ੀਧਰ ਬਖਸ਼ੰਦ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਚੜ੍ਹਿਆ ਮਸੰਤ ਮਹੀਨਾ ਚੇਤ,
ਖਿੜਿਆ ਇਸ਼ਕ ਨਗੀਨਾ ਖੇਤ,
ਹਿਰਦੇ ਪ੍ਰੇਮ ਪਿਰੀ ਵਿਗਸੇਤ,
ਬਿਰਹੋ ਕਾਂਗ ਵਿਰਾਗ ਸਮੇਤ,
ਲਹਿਰੇ ਮਾਰਦੀ ।੧।

ਰੁੱਤ ਵਸਾਖ ਮਾਸ ਦੀ ਆਈ,
ਸਗਲ ਬਨਾਸਪਤੀ ਫਲ ਲਿਆਈ,
ਹੋਈ ਸਫਲੀ ਘਾਲ ਕਮਾਈ,
ਰਹੱਸ ਪ੍ਰੇਮ ਦਰਸ ਛਬਿ ਛਾਈ,
ਹੁਸਨ ਬਹਾਰ ਦੀ ।੨।

ਆਇਆ ਜੇਠ ਤਪੰਦਾ ਮਾਸ,
ਦਿਨੋ ਦਿਨ ਵਧਦੀ ਦਰਸ ਪਿਆਸ,
ਦੂਣੀ ਲਗ ਰਹੀ ਖੁਧਤਾਸ,
ਲਗੀ ਖਿਨ ਖਿਨ ਸਾਸ ਗਿਰਾਸ,
ਆਸ ਦੀਦਾਰ ਦੀ ।੩।

ਤਪਿਆ ਹਾੜ ਮਾਸ ਸਣਿ ਘਾਮ,
ਧੁਖ ਧੁਖ ਬਿਰਹਾ ਦੁਖ ਸਹਾਮ,
ਵਸਿਆ ਹਿਰਦੇ ਪਿਰਮ ਪੈਗਾਮ,
ਮੈਨੂੰ ਹੋ ਗਈ ਗੱਲ ਹਰਾਮ,
ਨੀਂਦ ਅਹਾਰ ਦੀ ।੪।

ਸਾਵਣ ਸਰਸ ਘਟਾਂ ਘਨ ਛਾਏ,
ਦਹਿ ਦਿਸ ਦਾਮਨ ਚਮਕ ਡਰਾਏ,
ਪੀਆ ਬਿਹੂਣ ਹੀਆ ਤਰਸਾਏ,
ਦਰਸ਼ ਬਿਨਾਂ ਕਿਉਂ ਰੈਣ ਵਿਹਾਏ,
ਦਰਸ-ਬੀਮਾਰ ਦੀ ।੫।

ਭਾਦ੍ਰ-ਉਂ ਭਰ ਭਰ ਹੰਝੂ ਕੇਰਾਂ,
ਨਿਸ ਦਿਨ ਵਾਂਗ ਪਪੀਹੇ ਟੇਰਾਂ,
ਦਰਸ਼ ਪਿਰ ਚਿਤਵਾਂ ਸਾਂਝ ਸਵੇਰਾ,
ਪਾ ਦਿਓ ਦਰਸ-ਕਣੀ ਇਕ ਵੇਰਾਂ,
ਸੁਆਂਤ-ਬੂੰਦਾਰ ਦੀ ।੬।

ਅਸੂ ਅੱਛਣ ਮੇਰੇ ਮਨ ਆਉ,
ਅਨਦਿਨ ਇਹੀ ਮੇਰੇ ਮਨ ਚਾਉ,
ਆ ਪਿਰੀਏ ਹੁਣ ਢਿਲ ਨਾ ਲਾਉ,
ਆ ਕੇ ਛੇਤੀ ਝਾਤੀ ਪਾਉ,
ਦਰਸ-ਪਿਆਰ ਦੀ ।੭।

ਕੱਤਕ ਕੰਤ ਗੁਰੂ ਕਰਤਾਰ,
ਵਿਛੁੰਨੇ ਆਇ ਮਿਲੋ ਭਰਤਾਰ,
ਕੂਕਾਂ ਪ੍ਰਿਉ ਪੁਕਾਰਿ ਪੁਕਾਰਿ,
ਵਗੇ ਵੈਰਾਗ-ਨਦੀ ਸਰਸ਼ਾਰ,
ਹੰਝੂਆਂ ਧਾਰ ਦੀ ।੮।

ਮਘਰ ਹੋਇ ਮਗੰਨ ਰਹਾਉਂ,
ਬੁਕਲ ਵਿਚ ਦਰਸ ਦਰਸਾਉਂ,
ਦੁਇ ਦੁਇ ਲੋਚਨ ਪੇਖ ਪੇਖਾਉਂ,
ਵਿਗਸਾਂ ਵਿਗਸ ਵਿਗਸ ਕੇ ਗਾਉਂ,
ਸਿਫਤ ਭਤਾਰ ਦੀ ।੯।

ਆਇਆ ਪੋਹ ਪਵੇ ਮਨ ਖੋਹ,
ਕਪੜ ਤਨ ਨ ਸੁਖਾਵੇ ਮੋਹਿ,
ਸਕਾਂ ਰਹਿ ਨ ਪਿਰਾ ਬਿਨ ਤੋਹਿ,
ਸਦਾ ਸਦਾ ਇਕੋ ਮੈਨੂੰ ਜੋਹਿ,
ਤਿਰੇ ਦਰਸਾਰ ਦੀ ।੧੦।

ਮਾਘ ਮਘੀ ਮਨਿ ਇਸ਼ਕ ਦੀ ਆਗ
ਨਿਰਾਲੇ ਦਿਸਨ ਇਸ਼ਕ ਦੇ ਦਾਗ਼,
ਇਸ਼ਕ ਦਾ ਜਗਮਗ ਜਗੇ ਚਰਾਗ਼,
ਜਿਗ੍ਰ ਵਿਚ ਡਿੱਠੀ ਲਾਟ ਅਨੁਰਾਗ,
ਜੋਤਿ ਲਿਵਤਾਰ ਦੀ ।।੧੧।

ਫਲਗੁਣ ਫਲਿਆ ਰਹੱਸ ਅਨੰਦ,
ਮਿਟ ਗਏ ਦੁਰਤ ਸਗਲ ਦੁਖ ਦੰਦ,
ਕਟ ਗਏ ਜਨਮ ਮਰਨ ਦੇ ਫੰਧ,
ਤੁੱਠੇ ਕਲਗ਼ੀਧਰ ਬਖਸ਼ੰਦ,
ਬਖ਼ਸ ਗੁਰ ਦਿਆਰ ਦੀ ।੧੨।

(ਪੋਹ ਸੁਦੀ ਸਪਤਮੀ ੧੯੩੨, ਬਾਰਾਂਮਾਹ, ਪੁਸਤਕ "ਦਰਸ਼ਨ ਝਲਕਾਂ" ਵਿਚੋਂ")



www.AKJ.Org

# ਅਖੰਡ ਕੀਰਤਨੀ ਜੱਥਾ—ਹਿਸਾਬ ਕਿਤਾਬ

## *ਕੇਂਦਰੀ ਫ਼ੰਡ–ਆਮਦਨ*

| | |
|---|---|
| ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ | ੫੦੦-੦ |
| ਗੁਰਦੁਆਰਾ ਰਾਣੀ ਕਾ ਬਾਗ ਅੰਮ੍ਰਿਤਸਰ | ੫੧-੦ |
| ਗੁਰਦੁਆਰਾ ਅਜੀਤ ਨਗਰ ਅੰਮ੍ਰਿਤਸਰ | ੨੪੦-੦ |
| ਸਿਖ ਸੰਗਤ 507 S.U.A.F. | ੫੦੦-੦ |
| ਸ: ਈਸ਼ਰ ਸਿੰਘ, ਮੁਲਾਂਪੁਰ | ੧੧੦-੦ |
| ਸ: ਆਗਿਆ ਸਿੰਘ, ਕਾਨਪੁਰ | ੨੧੦੦-੦ |
| ਡਾ: ਦਲਬੀਰ ਸਿੰਘ ਜੀ, ਨਵੀਂ ਦਿਲੀ | ੨੫-੦ |
| ਜੋੜ | ੩੫੨੬-੦ |
| ਪਿਛਲੀ ਬਾਕੀ | ੪੫੮੯-੨੬ |
| ਕੁਲ ਜੋੜ | ੮੧੧੫-੨੬ |

ਯੂ.ਕੇ ਤੋਂ ਆਈ ਰਕਮ ਕੈਸ਼ ਹੋਣ ਵਾਲੀ ੨੯੯੨੦-੦

| | |
|---|---|
| ਖ਼ਰਚ—ਚਿਠੀ ਛਪਵਾਈ | ੧੭-੦ |
| ਡਾਕ ਖਰਚ | ੧੮-੩੫ |
| ਜੋੜ | ੩੫-੩੫ |
| ਕੁਲ ਜੋੜ ਆਮਦਨ | ੮੧੧੫-੨੬ |
| ਖਰਚ | ੩੫-੩੫ |
| ਬਾਕੀ | ੮੦੭੯-੯੧ |

## *ਸ਼ਹੀਦੀ ਫ਼ੰਡ* ਆਮਦਨ–

| | |
|---|---|
| ਸ: ਜਗਦੇਵ ਸਿੰਘ ਗਰੇਵਾਲ, ਲੰਡਨ | ੮੬-੨੦ |
| ਸ: ਅਮਰਜੀਤ ਸਿੰਘ, ਨਵੀਂ ਦਿਲੀ | ੨੫-੦ |
| ਖਰਚ—ਅਖ਼ਬਾਰਾਂ | ੨੨-੭੦ |

੧੬.੧੧.੭੯ ਦਾਸਰਾ—ਰਾਮ ਸਿੰਘ (ਜਥੇਦਾਰ)
ਅਖੰਡ ਕੀਤਰਨੀ ਜਥਾ (ਕੇਂਦਰੀ ਦਫਤਰ) ਅੰਮ੍ਰਿਤਸਰ ।

---

**ਪਾਠਕ ਜੀ** ਚਿੱਠੀ ਪਤਰ ਜਾਂ ਮਨੀਆਰਡਰ ਭੇਜਣ ਸਮੇਂ ਆਪਣਾ **ਚਿਟ ਨੰਬਰ** ਜ਼ਰੂਰ ਲਿਖੋ, ਜੋ ਅਸੀਂ ਹਰ ਮਹੀਨੇ ਤੁਹਾਡੇ ਐਡਰੈਸ ਦੇ ਨਾਲ ਲਿਖ ਕੇ ਭੇਜਦੇ ਹਾਂ ।

